Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 269 14/03/2026 www.samajweekly.com samajweekly @samajweekly samajweekly

# 'ਅਸੀਂ ਕੈਂਸਰ ਨੂੰ ਖ਼ਤਮ ਕਰ ਦਿੱਤਾ', G7 ਦੀ ਬੈਠਕ 'ਚ ਟਰੰਪ ਦਾ ਵੱਡਾ ਦਾਅਵਾ; ਸਰੈਂਡਰ ਕਰਨ ਵਾਲਾ ਹੈ ਇਰਾਨ

**ਨਵੀਂ ਦਿੱਲੀ।** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ G7 ਦੇਸ਼ਾਂ ਦੇ ਨੇਤਾਵਾਂ ਨਾਲ ਇੱਕ ਵਰਚੁਅਲ ਬੈਠਕ ਵਿੱਚ ਦਾਅਵਾ ਕੀਤਾ ਹੈ ਕਿ ਇਰਾਨ ਹੁਣ ਆਤਮ-ਸਮਰਪਣ (ਸਰੈਂਡਰ) ਕਰਨ ਦੇ ਬਿਲਕੁਲ ਕਰੀਬ ਹੈ। ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ, ਟਰੰਪ ਨੇ ਕਿਹਾ ਕਿ ਇਰਾਨ ਦੀ ਸਥਿਤੀ ਬਹੁਤ ਕਮਜ਼ੋਰ ਹੋ ਚੁੱਕੀ ਹੈ ਅਤੇ ਜੰਗ ਦਾ ਨਤੀਜਾ ਹੁਣ ਸਾਫ਼ ਦਿਖਾਈ ਦੇਣ ਲੱਗਾ ਹੈ। ਹਾਲਾਂਕਿ, ਵ੍ਹਾਈਟ ਹਾਊਸ ਵੱਲੋਂ ਅਜੇ ਤੱਕ ਇਸ 'ਤੇ ਕੋਈ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ ਹੈ। ਆਨਲਾਈਨ ਬੈਠਕ ਦੌਰਾਨ ਟਰੰਪ ਨੇ ਬੜੇ ਸਖ਼ਤ ਸ਼ਬਦਾਂ ਦੀ ਵਰਤੋਂ ਕਰਦਿਆਂ ਕਿਹਾ: "ਅਸੀਂ ਉਸ ਕੈਂਸਰ ਨੂੰ ਖ਼ਤਮ ਕਰ ਦਿੱਤਾ ਹੈ ਜੋ ਸਾਡੇ ਸਾਰਿਆਂ ਲਈ ਖ਼ਤਰਾ ਸੀ।"



ਉਨ੍ਹਾਂ ਨੇ ਇਰਾਨ ਦੇ ਖ਼ਿਲਾਫ਼ ਚਲਾਏ ਗਏ ਫੌਜੀ ਮੁਹਿੰਮ 'ਆਪ੍ਰੇਸ਼ਨ ਐਪਿਕ ਫਿਊਰੀ' (Operaiton Eipc Fury) ਦੇ ਨਤੀਜਿਆਂ ਦਾ ਵੀ ਜ਼ਿਕਰ ਕੀਤਾ। ਟਰੰਪ ਮੁਤਾਬਕ, ਇਰਾਨ ਵਿੱਚ ਇਸ ਸਮੇਂ ਕੋਈ ਸਪੱਸ਼ਟ ਲੀਡਰਸ਼ਿਪ ਨਹੀਂ ਬਚੀ ਹੈ, ਜਿਸ ਕਾਰਨ ਉੱਥੇ ਕੋਈ ਅਜਿਹਾ ਵਿਅਕਤੀ ਨਹੀਂ ਹੈ ਜੋ ਅਧਿਕਾਰਤ ਤੌਰ 'ਤੇ ਹਾਰ ਸਵੀਕਾਰ ਕਰ ਸਕੇ। ਮੱਧ ਪੂਰਬ (ਿਦਦਲਣ ੳੲਸਟ) ਵਿੱਚ ਚੱਲ ਰਹੀ ਜੰਗ ਨੂੰ ਕਰੀਬ ਦੋ ਹਫ਼ਤੇ ਹੋ ਚੁੱਕੇ ਹਨ, ਜਿਸ ਦੌਰਾਨ ਡਰੋਨ ਅਤੇ ਮਿਜ਼ਾਈਲ ਹਮਲਿਆਂ ਦਾ ਸਿਲਸਿਲਾ ਜਾਰੀ ਹੈ। ਟਰੰਪ ਨੇ ਇਰਾਨੀ ਨੇਤਾਵਾਂ ਨੂੰ 'ਪਾਗਲ ਅਪਰਾਧੀ' ਦੱਸਦਿਆਂ ਕਿਹਾ ਕਿ ਅਜਿਹੇ ਨੇਤਾਵਾਂ ਦਾ ਸਫ਼ਾਇਆ ਕਰਨਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ।

# ਰਾਜ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਕਾਂਗਰਸ ਵਿੱਚ ਹੰਗਾਮਾ, ਵਿਧਾਇਕ ਸ਼ਿਮਲਾ ਲਈ ਰਵਾਨਾ, 6 ਆਗੂ ਉਨ੍ਹਾਂ ਦੇ ਨਾਲ ਨਹੀਂ ਆਏ

## 16 ਮਾਰਚ ਨੂੰ ਹੋਣੀਆਂ ਹਨ ਰਾਜ ਸਭਾ ਚੋਣਾਂ

**ਸੋਲਨ:** 16 ਮਾਰਚ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਤੋਂ ਪਹਿਲਾਂ ਹਰਿਆਣਾ ਵਿੱਚ ਰਾਜਨੀਤਿਕ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਕਾਂਗਰਸ ਦੇ ਵਿਧਾਇਕ ਸ਼ੁੱਕਰਵਾਰ ਸ਼ਾਮ ਨੂੰ ਸੋਲਨ ਤੋਂ ਸ਼ਿਮਲਾ ਲਈ ਰਵਾਨਾ ਹੋਏ। ਉਨ੍ਹਾਂ ਨੂੰ ਦੋ ਟੈਂਪੋ ਟਰੈਵਲਰਾਂ ਅਤੇ ਲਗਭਗ 10 ਹੋਰ ਵਾਹਨਾਂ ਦੇ ਕਾਫਲੇ ਵਿੱਚ ਸ਼ਿਮਲਾ ਲਿਜਾਇਆ ਜਾ ਰਿਹਾ ਹੈ। ਸੂਤਰਾਂ ਅਨੁਸਾਰ, ਪਾਰਟੀ ਹਾਈਕਮਾਨ ਦੇ ਨਿਰਦੇਸ਼ਾਂ 'ਤੇ, ਵਿਧਾਇਕਾਂ ਨੂੰ ਵਿਘਨ ਤੋਂ ਬਚਾਉਣ ਲਈ ਸ਼ਿਮਲਾ ਵਿੱਚ ਕਿਸੇ ਗੁਪਤ ਸਥਾਨ 'ਤੇ ਰੱਖਿਆ ਜਾ ਸਕਦਾ ਹੈ। ਹਾਲਾਂਕਿ, ਹੋਟਲ ਜਾਂ ਸਥਾਨ ਬਾਰੇ ਅਧਿਕਾਰਤ ਜਾਣਕਾਰੀ ਜਾਰੀ ਨਹੀਂ ਕੀਤੀ ਗਈ ਹੈ। ਇਸ ਸਮੇਂ ਦੌਰਾਨ ਛੇ ਕਾਂਗਰਸੀ ਵਿਧਾਇਕ ਸ਼ਿਮਲਾ ਨਹੀਂ ਗਏ। ਇਨ੍ਹਾਂ ਵਿੱਚ ਵਿਰੋਧੀ ਧਿਰ ਦੇ ਨੇਤਾ ਭੁਪਿੰਦਰ ਸਿੰਘ ਹੁੱਡਾ, ਬਾਦਲੀ ਦੇ ਵਿਧਾਇਕ ਕੁਲਦੀਪ ਵਤਸ, ਜੁਲਾਨਾ ਦੇ ਵਿਧਾਇਕ ਵਿਨੇਸ਼ ਫੋਗਾਟ,



ਪੰਚਕੂਲਾ ਦੇ ਵਿਧਾਇਕ ਚੰਦਰਮੋਹਨ ਬਿਸ਼ਨੋਈ, ਪੁੰਹਾਨਾ ਦੇ ਵਿਧਾਇਕ ਮੁਹੰਮਦ ਇਲਿਆਸ ਅਤੇ ਟੋਹਾਨਾ ਦੇ ਵਿਧਾਇਕ ਪਰਮਵੀਰ ਸਿੰਘ ਸ਼ਾਮਲ ਹਨ।
ਮੀਡੀਆ ਨਾਲ ਗੱਲ ਕਰਦੇ ਹੋਏ, ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਉਹ ਵਿਧਾਇਕਾਂ ਦੇ ਟਿਕਾਣੇ ਬਾਰੇ ਅਣਜਾਣ ਸਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਉਨ੍ਹਾਂ ਨਾਲ ਸਲਾਹ ਨਹੀਂ ਕੀਤੀ। ਉਨ੍ਹਾਂ ਭਰੋਸਾ ਪ੍ਰਗਟ ਕੀਤਾ ਕਿ ਸਾਰੇ ਵਿਧਾਇਕ 16 ਮਾਰਚ ਨੂੰ ਵੋਟ ਪਾਉਣਗੇ ਅਤੇ ਫਿਰ ਵਿਧਾਨ ਸਭਾ ਸੈਸ਼ਨ ਵਿੱਚ ਹਿੱਸਾ ਲੈਣਗੇ।ਹੁੱਡਾ ਨੇ ਕਿਹਾ ਕਿ ਉਹ ਅਤੇ ਪਾਰਟੀ ਇੰਚਾਰਜ ਬੀ. ਕੇ. ਹਰੀਪ੍ਰਸਾਦ ਨਿਗਰਾਨੀ ਕਰਨਗੇ ਕਿ ਕਿਹੜੇ ਵਿਧਾਇਕਾਂ ਨੇ ਕਿਸ ਨੂੰ ਵੋਟ ਦਿੱਤੀ। ਇਹ ਜ਼ਿੰਮੇਵਾਰੀ ਉਨ੍ਹਾਂ ਨੂੰ ਪਾਰਟੀ ਹਾਈ ਕਮਾਂਡ ਦੁਆਰਾ ਸੌਂਪੀ ਗਈ ਹੈ। ਦੱਸਿਆ ਗਿਆ ਹੈ ਕਿ ਉਸ ਦੁਪਹਿਰ ਹੁੱਡਾ ਦੇ ਨਿਵਾਸ 'ਤੇ ਵਿਧਾਇਕਾਂ ਲਈ ਦੁਪਹਿਰ ਦੇ ਖਾਣੇ ਦਾ ਪ੍ਰਬੰਧ ਕੀਤਾ ਗਿਆ ਸੀ, ਜਿੱਥੇ ਲਗਭਗ 37 ਵਿਧਾਇਕ ਮੌਜੂਦ ਸਨ। ਹਾਲਾਂਕਿ, ਵਿਧਾਇਕ ਚੰਦਰਮੋਹਨ ਬਿਸ਼ਨੋਈ ਮੀਟਿੰਗ ਦੇ ਵਿਚਕਾਰ ਹੀ ਚਲੇ ਗਏ। ਰਾਜ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਵਿਧਾਇਕਾਂ ਨੂੰ ਹਿਮਾਚਲ ਲਿਆਉਣ ਦੀ ਇਸ ਰਣਨੀਤੀ ਨੂੰ ਪਾਰਟੀ ਦੇ ਅੰਦਰ ਕਰਾਸ-ਵੋਟਿੰਗ ਨੂੰ ਰੋਕਣ ਦੀ ਤਿਆਰੀ ਵਜੋਂ ਦੇਖਿਆ ਜਾ ਰਿਹਾ ਹੈ।

# ਸਾਬਕਾ ਕ੍ਰਿਕਟਰ ਹਰਭਜਨ ਸਿੰਘ ਨੇ ਆਨਲਾਈਨ ਅਸ਼ਲੀਲ ਸਮੱਗਰੀ ’ਤੇ ਸਖ਼ਤ ਕਾਨੂੰਨ ਲਿਆਉਣ ਦੀ ਕੀਤੀ ਮੰਗ

**ਨਵੀਂ ਦਿੱਲੀ।** ਸਾਬਕਾ ਕ੍ਰਿਕਟਰ ਅਤੇ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਹਰਭਜਨ ਸਿੰਘ ਨੇ ਰਾਜ ਸਭਾ ਵਿਚ ਬੱਚਿਆਂ ਲਈ ਸੋਸ਼ਲ ਮੀਡੀਆ ਦੇ ਖਤਰਨਾਕ ਪੱਖਾਂ ’ਤੇ ਗੰਭੀਰ ਚਿੰਤਾ ਪ੍ਰਗਟਾਈ ਹੈ। ਉਨ੍ਹਾਂ ਨੇ ਕਿਹਾ ਕਿ ਅੱਜਕੱਲ੍ਹ ਇੰਸਟਾਗ੍ਰਾਮ ਵਰਗੇ ਮੰਚਾਂ ’ਤੇ ‘ਸਾਫਟ ਪੋਰਨੋਗ੍ਰਾਫੀ’ ਵਰਗੀ ਸਮੱਗਰੀ ਆਸਾਨੀ ਨਾਲ ਉਪਲਬਧ ਹੈ, ਜਿਸ ਨੂੰ 12-13 ਸਾਲ ਦੇ ਬੱਚੇ ਵੀ ਇਕ ਕਲਿੱਕ ਨਾਲ ਵੇਖ ਸਕਦੇ ਹਨ। ਹਰਭਜਨ ਸਿੰਘ ਨੇ ਚੇਤਾਵਨੀ ਦਿਤੀ ਕਿ ‘‘ਬੱਚਿਆਂ ਨੂੰ ਛੋਟੀ ਉਮਰ ਵਿਚ ਅਜਿਹੀ ਸਮੱਗਰੀ ਵਿਖਾਉਣਾ ਸਾਡੇ ਭਵਿੱਖ ਲਈ ਨੁਕਸਾਨਦਾਇਕ ਹੈ।’’ ਉਨ੍ਹਾਂ ਨੇ ਜ਼ੋਰ ਦਿਤਾ ਕਿ ਇਹ ਨਾ ਸਿਰਫ਼ ਬੱਚਿਆਂ ਦੀ ਸੋਚ ਨੂੰ



ਬਦਲ ਸਕਦਾ ਹੈ, ਸਗੋਂ ਔਰਤਾਂ ਦੀ ਤਸਵੀਰ ਨੂੰ ਵੀ ਗਲਤ ਢੰਗ ਨਾਲ ਪੇਸ਼ ਕਰਦਾ ਹੈ। ਉਨ੍ਹਾਂ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਤੁਰਤ ਸਖ਼ਤ ਕਾਨੂੰਨ ਬਣਾਏ ਜਾਣ, ਪੋਰਨੋਗ੍ਰਾਫਿਕ ਵੈੱਬਸਾਈਟਾਂ ’ਤੇ ਪਾਬੰਦੀ ਲਗਾਈ ਜਾਵੇ ਅਤੇ ਡਿਜੀਟਲ ਮੰਚਾਂ ’ਤੇ ਮਜ਼ਬੂਤ ਸੁਰੱਖਿਆ ਪ੍ਰਬੰਧ ਕੀਤੇ ਜਾਣ। ਹਰਭਜਨ ਨੇ ਕਿਹਾ, ‘‘ਇਹ ਸਮੱਗਰੀ ਸਮਾਜ ਲਈ ਕਿਸੇ ਵੀ ਤਰ੍ਹਾਂ ਦਾ ਲਾਭ ਨਹੀਂ ਲਿਆਉਂਦੀ, ਸਗੋਂ ਨੈਤਿਕ ਅਤੇ ਸਮਾਜਕ ਪਤਨ ਦਾ ਕਾਰਨ ਬਣਦੀ ਹੈ।’’ ਉਨ੍ਹਾਂ ਦੇ ਬਿਆਨ ਨੇ ਸੰਸਦ ਵਿਚ ਚਰਚਾ ਨੂੰ ਹੋਰ ਤੇਜ਼ ਕਰ ਦਿਤਾ ਹੈ ਅਤੇ ਹੁਣ ਵੇਖਣਾ ਇਹ ਹੈ ਕਿ ਸਰਕਾਰ ਇਸ ਗੰਭੀਰ ਮੁੱਦੇ ’ਤੇ ਕਿਹੜੇ ਕਦਮ ਚੁੱਕਦੀ ਹੈ।

# ਅਫਗਾਨਿਸਤਾਨ ਨੇ ਪਾਕਿਸਤਾਨ 'ਤੇ ਹਵਾਈ ਹਮਲਿਆਂ ਵਿੱਚ ਨਾਗਰਿਕ ਘਰਾਂ ਨੂੰ ਨਿਸ਼ਾਨਾ ਬਣਾਉਣ ਦਾ ਲਗਾਇਆ ਦੋਸ਼

**ਕਾਬੁਲ।** ਅਫਗਾਨਿਸਤਾਨ ਦੀ ਤਾਲਿਬਾਨ ਸਰਕਾਰ ਨੇ ਸ਼ੁੱਕਰਵਾਰ ਸਵੇਰੇ ਪਾਕਿਸਤਾਨ ਦੀ ਫੌਜ 'ਤੇ ਕਾਬੁਲ ਅਤੇ ਦੱਖਣੀ ਸੂਬੇ ਕੰਧਾਰ ਵਿੱਚ ਰਾਤ ਭਰ ਜਾਰੀ ਰਹੇ ਹਵਾਈ ਹਮਲਿਆਂ ਵਿੱਚ ਨਾਗਰਿਕ ਘਰਾਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਗਾਇਆ। ਤਾਲਿਬਾਨ ਸਰਕਾਰ ਨੇ ਕਿਹਾ ਕਿ ਮ੍ਰਿਤਕਾਂ ਵਿੱਚ ਔਰਤਾਂ ਅਤੇ ਬੱਚੇ ਸ਼ਾਮਲ ਹਨ। ਅੰਤਰਰਾਸ਼ਟਰੀ ਪੱਧਰ 'ਤੇ ਸੰਜਮ ਦੀ ਮੰਗ ਦੇ ਬਾਵਜੂਦ, ਦੋਵਾਂ ਗੁਆਂਢੀ ਦੇਸ਼ਾਂ ਵਿਚਕਾਰ ਲੜਾਈ ਦਾ ਇਹ ਤੀਜਾ ਹਫ਼ਤਾ ਹੈ। ਸਰਕਾਰ ਦੇ ਬੁਲਾਰੇ ਜ਼ਬੀਹੁੱਲਾ ਮੁਜਾਹਿਦ ਨੇ



ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਕਿਹਾ ਕਿ ਪਾਕਿਸਤਾਨੀ ਜਹਾਜ਼ਾਂ ਨੇ ਕੰਧਾਰ ਹਵਾਈ ਅੱਡੇ ਦੇ ਨੇੜੇ ਨਿੱਜੀ ਏਅਰਲਾਈਨ ਕਾਮ ਏਅਰ ਦੇ ਇੱਕ ਬਾਲਣ ਡਿਪੂ 'ਤੇ ਵੀ ਹਮਲਾ ਕੀਤਾ।ਪਾਕਿਸਤਾਨੀ ਫੌਜ ਜਾਂ ਸਰਕਾਰ ਵੱਲੋਂ ਤੁਰੰਤ ਕੋਈ ਟਿੱਪਣੀ ਨਹੀਂ ਕੀਤੀ ਗਈ।

# ਕੇਰਲ ਦੇ ਲਗਭਗ 40% ਰੈਸਟੋਰੈਂਟ ਐਲਪੀਜੀ ਦੀ ਘਾਟ ਕਾਰਨ ਬੰਦ ਹੋਣ ਦੇ ਕੰਢੇ

**ਕੋਚੀ।** ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਕਾਰਨ ਪੈਦਾ ਹੋਈ ਐਲ.ਪੀ.ਜੀ. ਦੀ ਘਾਟ ਕਾਰਨ ਕੇਰਲ ਦੇ ਲਗਭਗ 40 ਪ੍ਰਤੀਸ਼ਤ ਰੈਸਟੋਰੈਂਟ ਬੰਦ ਹੋਣ ਦਾ ਸਾਹਮਣਾ ਕਰ ਰਹੇ ਹਨ, ਕਿਉਂਕਿ ਬਹੁਤ ਸਾਰੇ ਅਦਾਰੇ ਤੁਰੰਤ ਵਿਕਲਪਿਕ ਖਾਣਾ ਪਕਾਉਣ ਦੇ ਤਰੀਕੇ ਅਪਣਾਉਣ ਤੋਂ ਅਸਮਰੱਥ ਹਨ, ਉਦਯੋਗ ਦੇ ਪ੍ਰਤੀਨਿਧੀਆਂ ਨੇ ਕਿਹਾ। ਰੈਸਟੋਰੈਂਟਾਂ ਤੋਂ ਇਲਾਵਾ, ਕੇਟਰਿੰਗ ਸੇਵਾਵਾਂ, ਹੋਸਟਲ, ਕੰਟੀਨ ਅਤੇ ਸ਼ਮਸ਼ਾਨਘਾਟ ਵੀ ਐਲ.ਪੀ.ਜੀ. ਦੀ ਘਾਟ ਤੋਂ ਪ੍ਰਭਾਵਿਤ ਹੋਏ ਹਨ। ਕੇਰਲ ਹੋਟਲ ਅਤੇ ਰੈਸਟੋਰੈਂਟ ਐਸੋਸੀਏਸ਼ਨ ਦੇ ਪ੍ਰਧਾਨ ਜੀ. ਜੈਪਾਲ ਨੇ ਪੀ.ਟੀ.ਆਈ. ਨੂੰ ਦੱਸਿਆ ਕਿ ਰਾਜ ਦੇ ਲਗਭਗ 40 ਪ੍ਰਤੀਸ਼ਤ ਰੈਸਟੋਰੈਂਟ ਸ਼ੁੱਕਰਵਾਰ ਤੱਕ ਬੰਦ ਹੋ ਜਾਣਗੇ।

"ਵੀਰਵਾਰ ਤੱਕ, ਲਗਭਗ 20 ਪ੍ਰਤੀਸ਼ਤ ਰੈਸਟੋਰੈਂਟ ਬੰਦ ਹੋ ਗਏ ਸਨ। ਇਹ ਗਿਣਤੀ ਸ਼ੁੱਕਰਵਾਰ ਤੱਕ ਵੱਧ ਕੇ 40 ਪ੍ਰਤੀਸ਼ਤ ਹੋ ਜਾਵੇਗੀ ਕਿਉਂਕਿ



ਐਲ.ਪੀ.ਜੀ. ਦਾ ਸਟਾਕ ਜਲਦੀ ਹੀ ਖਤਮ ਹੋ ਜਾਵੇਗਾ," ਉਨ੍ਹਾਂ ਕਿਹਾ। ਕੇਂਦਰ ਅਤੇ ਰਾਜ ਸਰਕਾਰਾਂ ਨੇ ਵਿਕਲਪਿਕ ਖਾਣਾ ਪਕਾਉਣ ਦੇ ਤਰੀਕੇ ਅਪਣਾਉਣ ਦੀ ਸਲਾਹ ਦਿੱਤੀ ਹੈ, ਪਰ ਐਸੋਸੀਏਸ਼ਨ ਦਾ ਕਹਿਣਾ ਹੈ ਕਿ ਸ਼ਹਿਰੀ ਹੋਟਲਾਂ ਵਿੱਚ ਲੱਕੜ ਨਾਲ ਖਾਣਾ ਪਕਾਉਣਾ ਵਿਵਹਾਰਕ ਨਹੀਂ ਹੈ। ਜੈਪਾਲ ਨੇ ਕਿਹਾ ਕਿ ਜ਼ਿਆਦਾਤਰ ਸ਼ਹਿਰੀ ਰੈਸਟੋਰੈਂਟਾਂ ਨੇ ਭੋਜਨ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਕਰਨ ਲਈ ਆਧੁਨਿਕ ਰਸੋਈ ਪ੍ਰਣਾਲੀਆਂ ਅਪਣਾਈਆਂ ਹਨ। ਲੱਕੜ ਜਾਂ ਹੋਰ ਬਾਲਣਾਂ ਨਾਲ ਖਾਣਾ ਪਕਾਉਣ ਦਾ ਕੋਈ ਪ੍ਰਬੰਧ ਨਹੀਂ ਹੈ। ਸ਼ਹਿਰੀ ਖੇਤਰਾਂ ਦੇ ਰੈਸਟੋਰੈਂਟ ਇਸ ਸੰਕਟ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਨਿੱਜੀ ਐਲਪੀਜੀ ਸਪਲਾਇਰ ਸਿਲੰਡਰਾਂ ਲਈ ਲਗਭਗ ਦੁੱਗਣੀ ਕੀਮਤ ਵਸੂਲ ਰਹੇ ਹਨ, ਅਤੇ ਪਿਛਲੇ ਦੋ ਦਿਨਾਂ ਵਿੱਚ ਬਾਲਣ ਦੀ ਲੱਕੜ ਦੀ ਕੀਮਤ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, "ਕਾਸਰਗੋਡ ਵਿੱਚ ਸਾਡੇ ਇੱਕ ਮੈਂਬਰ ਨੂੰ 17 ਕਿਲੋਗ੍ਰਾਮ ਦਾ ਨਿੱਜੀ ਐਲਪੀਜੀ ਸਿਲੰਡਰ 3,000 ਰੁਪਏ ਵਿੱਚ ਮਿਲਿਆ, ਜਦੋਂ ਕਿ 19 ਕਿਲੋਗ੍ਰਾਮ ਦੇ ਸਿਲੰਡਰ ਦੀ ਆਮ ਤੌਰ 'ਤੇ ਕੀਮਤ ਲਗਭਗ 1,800 ਰੁਪਏ ਹੁੰਦੀ ਹੈ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office

Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


# ਇਰਾਕ ਵਿੱਚ ਅਮਰੀਕੀ ਹਵਾਈ ਫੌਜ ਦਾ ਜਹਾਜ਼ ਹਾਦਸਾਗ੍ਰਸਤ, ਚਾਲਕ ਦਲ ਦੇ 4 ਮੈਂਬਰਾਂ ਦੀ ਮੌਤ, 2 ਲਾਪਤਾ

**ਤਹਿਰਾਨ।** ਅੱਜ ਅਮਰੀਕਾ-ਇਜ਼ਰਾਈਲ-ਈਰਾਨ ਯੁੱਧ ਦਾ 14ਵਾਂ ਦਿਨ ਹੈ। ਵੀਰਵਾਰ ਨੂੰ ਪੱਛਮੀ ਇਰਾਕ ਵਿੱਚ ਇੱਕ ਅਮਰੀਕੀ ਹਵਾਈ ਫੌਜ ਦਾ KC-135 ਸਟ੍ਰੈਟੋਟੈਂਕਰ ਰਿਫਿਊਲਿੰਗ ਜਹਾਜ਼ ਹਾਦਸਾਗ੍ਰਸਤ ਹੋ ਗਿਆ। ਅਮਰੀਕੀ ਕੇਂਦਰੀ ਕਮਾਂਡ (CENTCOM) ਦੇ ਅਨੁਸਾਰ, ਜਹਾਜ਼ ਵਿੱਚ ਸਵਾਰ ਛੇ ਚਾਲਕ ਦਲ ਦੇ ਮੈਂਬਰਾਂ ਵਿੱਚੋਂ ਚਾਰ ਦੀ ਮੌਤ ਹੋ ਗਈ, ਜਦੋਂ ਕਿ ਦੋ ਅਜੇ ਵੀ ਲਾਪਤਾ ਹਨ ਅਤੇ ਇੱਕ ਦੀ ਭਾਲ ਜਾਰੀ ਹੈ। ਅਧਿਕਾਰੀਆਂ ਦੇ ਅਨੁਸਾਰ, ਜਹਾਜ਼ ਇੱਕ ਕਾਰਵਾਈ ਦੌਰਾਨ ਹਾਦਸਾਗ੍ਰਸਤ ਹੋ ਗਿਆ। ਉਸ ਸਮੇਂ ਇੱਕ ਦੂਜਾ ਅਮਰੀਕੀ ਟੈਂਕਰ ਜਹਾਜ਼ ਵੀ ਮਿਸ਼ਨ ਵਿੱਚ ਸ਼ਾਮਲ ਸੀ। ਹਾਲਾਂਕਿ, ਦੂਜਾ ਜਹਾਜ਼ ਸੁਰੱਖਿਅਤ ਰਿਹਾ। ਅਮਰੀਕੀ ਫੌਜ ਨੇ ਸਪੱਸ਼ਟ ਕੀਤਾ ਹੈ ਕਿ ਇਹ ਹਾਦਸਾ ਦੁਸ਼ਮਣ ਦੇ ਹਮਲੇ ਜਾਂ ਦੋਸਤਾਨਾ ਫਾਇਰ ਕਾਰਨ ਨਹੀਂ ਹੋਇਆ ਸੀ। ਇਸ



ਹਾਦਸੇ ਨਾਲ ਈਰਾਨ ਯੁੱਧ ਵਿੱਚ ਮਾਰੇ ਗਏ ਅਮਰੀਕੀ ਸੈਨਿਕਾਂ ਦੀ ਗਿਣਤੀ 11 ਹੋ ਗਈ ਹੈ। 1 ਮਾਰਚ ਨੂੰ ਕੁਵੈਤ ਦੇ ਸ਼ੁਆਈਬਾ ਬੰਦਰਗਾਹ 'ਤੇ ਹੋਏ ਹਮਲੇ ਵਿੱਚ ਛੇ ਅਮਰੀਕੀ ਸੈਨਿਕ ਮਾਰੇ ਗਏ ਸਨ, ਜਦੋਂ ਕਿ ਇਸ ਮਹੀਨੇ ਸਾਊਦੀ ਅਰਬ ਵਿੱਚ ਹੋਏ ਹਮਲੇ ਵਿੱਚ ਜ਼ਖਮੀ ਹੋਏ ਇੱਕ ਸੈਨਿਕ ਦੀ ਬਾਅਦ ਵਿੱਚ ਮੌਤ ਹੋ ਗਈ।


## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਕੁਰੂਕਸ਼ੇਤਰ: ਪੁਲਿਸ ਮੁਲਾਜ਼ਮਾਂ 'ਚ ਏਰੀਏ ਨੂੰ ਲੈ ਕੇ ਹੋਈ ਬਹਿਸ, ਪੁਲਿਸ ਮੁਲਾਜ਼ਮ ਲਾਸ਼ ਛੱਡ ਕੇ ਭੱਜੇ

**ਕੁਰੂਕਸ਼ੇਤਰ।** ਪੁਲਿਸ ਮੁਲਾਜ਼ਮਾਂ ਨਾਲ ਜੁੜੀ ਇੱਕ ਸ਼ਰਮਨਾਕ ਘਟਨਾ ਸਾਹਮਣੇ ਆਈ ਹੈ। ਦੋ ਥਾਣਿਆਂ ਦੇ ਪੁਲਿਸ ਮੁਲਾਜ਼ਮਾਂ ਵਿੱਚ ਇੱਕ ਇਲਾਕੇ ਵਿੱਚ ਗਰਮਾ-ਗਰਮ ਬਹਿਸ ਹੋਈ। ਉਨ੍ਹਾਂ ਨੇ ਲਾਸ਼ ਨੂੰ ਮੌਕੇ 'ਤੇ ਹੀ ਛੱਡ ਦਿੱਤਾ। ਹਾਲਾਂਕਿ, ਥੋੜ੍ਹੀ ਦੇਰ ਬਾਅਦ, ਇੱਕ ਪੁਲਿਸ ਅਧਿਕਾਰੀ ਪਹੁੰਚਿਆ ਅਤੇ ਲਗਭਗ ਪੰਜ ਘੰਟਿਆਂ ਬਾਅਦ ਨਹਿਰ ਵਿੱਚੋਂ ਲਾਸ਼ ਨੂੰ ਬਾਹਰ ਕੱਢਿਆ। ਗੋਤਾਖੋਰ ਪ੍ਰਗਟ ਸਿੰਘ ਨੇ ਲਾਸ਼ ਨੂੰ ਰੱਸੀ ਨਾਲ ਬੰਨ੍ਹ ਕੇ ਪੰਜ ਘੰਟਿਆਂ ਤੱਕ ਨਹਿਰ ਦੇ ਕੰਢੇ 'ਤੇ ਰੱਖਿਆ। ਅੱਜ ਦੁਪਹਿਰ ਪਿੰਡ ਕੈਂਥਲਾ ਨੇੜੇ ਇੱਕ 25 ਸਾਲਾ ਵਿਅਕਤੀ ਦੀ ਅਣਪਛਾਤੀ ਲਾਸ਼ ਬਰਾਮਦ ਹੋਈ। ਗੋਤਾਖੋਰ ਪ੍ਰਗਟ ਸਿੰਘ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ ਅਤੇ ਲਾਸ਼ ਨੂੰ ਨਹਿਰ ਦੇ ਕੰਢੇ 'ਤੇ ਲੰਗਰ ਲਗਾ ਦਿੱਤਾ। ਇਸ ਤੋਂ ਬਾਅਦ ਪੁਲਿਸ ਨੂੰ ਸੂਚਿਤ ਕੀਤਾ ਗਿਆ, ਅਤੇ ਡਾਇਲ 112 ਟੀਮ ਨੇ ਪੁਲਿਸ ਸਟੇਸ਼ਨ ਨੂੰ ਸੂਚਿਤ ਕੀਤਾ। ਜੋਤੀਸਰ ਚੌਕੀ ਦੇ ਪੁਲਿਸ ਮੁਲਾਜ਼ਮ ਮੌਕੇ 'ਤੇ ਪਹੁੰਚੇ ਅਤੇ ਆਦਰਸ਼ ਪੁਲਿਸ ਸਟੇਸ਼ਨ, ਕੇਯੂਕੇ ਤੋਂ ਪੁਲਿਸ ਨੂੰ ਸੂਚਿਤ ਕੀਤਾ। ਜਦੋਂ ਕੇਯੂਕੇ ਦੇ ਆਦਰਸ਼ ਪੁਲਿਸ ਸਟੇਸ਼ਨ ਦੇ ਇੱਕ ਪੁਲਿਸ ਅਧਿਕਾਰੀ ਰਿਸ਼ੀਪਾਲ ਮੌਕੇ 'ਤੇ ਪਹੁੰਚੇ, ਤਾਂ ਦੋਵਾਂ ਵਿਚਕਾਰ ਇਲਾਕੇ ਨੂੰ ਲੈ ਕੇ ਇੱਕ ਤਿੱਖੀ ਬਹਿਸ ਹੋ ਗਈ। ਉਹ ਲਾਸ਼ ਨੂੰ ਛੱਡ ਕੇ ਚਲੇ ਗਏ। ਉਨ੍ਹਾਂ ਦੀ ਬਹਿਸ ਨੂੰ ਦੇਖਦੇ ਹੋਏ ਐਂਬੂਲੈਂਸ ਵੀ ਚਲੀ ਗਈ। ਇਸ ਤੋਂ ਬਾਅਦ, ਗੋਤਾਖੋਰ ਪ੍ਰਗਟ ਸਿੰਘ ਨੇ ਮਨੁੱਖਤਾ ਦਾ ਪ੍ਰਦਰਸ਼ਨ ਕਰਦੇ ਹੋਏ, ਐਂਬੂਲੈਂਸ ਨੂੰ ਘਟਨਾ ਸਥਾਨ 'ਤੇ ਵਾਪਸ ਬੁਲਾਇਆ। ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ, ਅਤੇ ਜੋਤੀਸਰ ਪੁਲਿਸ ਸਟੇਸ਼ਨ ਦੇ ਇੱਕ ਜੋਤੀਸਰ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ। ਲਗਭਗ ਪੰਜ ਘੰਟਿਆਂ ਬਾਅਦ, ਲਾਸ਼ ਨੂੰ ਨਹਿਰ ਵਿੱਚੋਂ ਕੱਢਿਆ ਗਿਆ।



# ਹਰਿਆਣਾ ਵਿੱਚ ਬਾਲੀਵੁੱਡ ਗਾਇਕ ਬਾਦਸ਼ਾਹ ਦੀ ਗ੍ਰਿਫਤਾਰੀ ਦੇ ਹੁਕਮ



**ਪਾਣੀਪਤ।** ਹਰਿਆਣਾ ਮਹਿਲਾ ਕਮਿਸ਼ਨ ਨੇ 'ਟਟੀਹਰੀ' ਗਾਣੇ ਦੇ ਵਿਵਾਦ ਦੇ ਸੰਬੰਧ ਵਿੱਚ ਬਾਲੀਵੁੱਡ ਗਾਇਕ-ਰੈਪਰ ਬਾਦਸ਼ਾਹ ਲਈ ਗ੍ਰਿਫਤਾਰੀ ਦਾ ਹੁਕਮ ਜਾਰੀ ਕੀਤਾ ਹੈ। ਸੰਮਨ ਜਾਰੀ ਹੋਣ ਤੋਂ ਬਾਅਦ ਬਾਦਸ਼ਾਹ ਸ਼ੁੱਕਰਵਾਰ ਨੂੰ ਪਾਣੀਪਤ ਵਿੱਚ ਪੇਸ਼ ਨਹੀਂ ਹੋਇਆ। ਉਸਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਉਹ ਪੇਸ਼ੇਵਰ ਵਚਨਬੱਧਤਾ ਕਾਰਨ ਹਾਜ਼ਰ ਨਹੀਂ ਹੋ ਸਕਿਆ। ਕਮਿਸ਼ਨ ਤੋਂ ਹੋਰ ਮੁਲਾਕਾਤ ਦੀ ਬੇਨਤੀ ਕੀਤੀ ਗਈ ਸੀ। ਇਸ ਨਾਲ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰੇਣੂ ਭਾਟੀਆ ਮੀਟਿੰਗ ਦੌਰਾਨ ਨਾਰਾਜ਼ ਹੋ ਗਈ। ਉਸਨੇ ਚੇਤਾਵਨੀ ਦਿੱਤੀ ਕਿ ਜੇਕਰ ਬਾਦਸ਼ਾਹ ਦੁਪਹਿਰ 3 ਵਜੇ ਤੱਕ ਪੇਸ਼ ਨਹੀਂ ਹੋਇਆ, ਤਾਂ ਉਸਦੇ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫਿਰ ਉਸਨੇ ਪੰਚਕੂਲਾ ਅਤੇ ਪਾਣੀਪਤ ਦੇ ਐਸਪੀ ਨੂੰ ਉਸ ਨੂੰ ਗ੍ਰਿਫਤਾਰ ਕਰਨ ਅਤੇ ਉਸ ਦਾ ਪਾਸਪੋਰਟ ਜ਼ਬਤ ਕਰਨ ਦੇ ਨਿਰਦੇਸ਼ ਦਿੱਤੇ। ਉਸਨੇ ਕਿਹਾ ਕਿ ਬਾਦਸ਼ਾਹ ਨੂੰ ਦੇਸ਼ ਛੱਡਣ ਤੋਂ ਰੋਕਣ ਲਈ ਉਸਦਾ ਪਾਸਪੋਰਟ ਜ਼ਬਤ ਕਰ ਲਿਆ ਜਾਣਾ ਚਾਹੀਦਾ ਹੈ। ਕਮਿਸ਼ਨ ਹੁਣ ਔਰਤਾਂ ਅਤੇ ਧੀਆਂ ਦੀ ਸੁਰੱਖਿਆ ਲਈ ਦਖਲ ਦੇ ਰਿਹਾ ਹੈ। ਮਹਿਲਾ ਕਮਿਸ਼ਨ ਨੇ ਉਸ ਨੂੰ 6 ਮਾਰਚ ਨੂੰ ਇੱਕ ਨੋਟਿਸ ਭੇਜਿਆ ਸੀ, ਜਿਸ ਵਿੱਚ ਉਸ ਨੂੰ 'ਟਟੀਹਰੀ' ਗਾਣੇ ਵਿੱਚ ਕੁੜੀਆਂ ਦੇ ਇਤਰਾਜ਼ਯੋਗ ਬੋਲਾਂ ਅਤੇ ਸ਼ਾਟਸ ਦੇ ਸੰਬੰਧ ਵਿੱਚ ਪਾਣੀਪਤ ਦੇ ਐਸਪੀ ਦੇ ਦਫ਼ਤਰ ਵਿੱਚ ਪੇਸ਼ ਹੋਣ ਲਈ ਕਿਹਾ ਗਿਆ ਸੀ। ਹਾਲਾਂਕਿ, ਬਾਦਸ਼ਾਹ ਦੇ ਵਕੀਲ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ, ਵੀਡੀਓ ਕਾਨਫਰੰਸਿੰਗ ਰਾਹੀਂ ਆਪਣਾ ਕੇਸ ਪੇਸ਼ ਕਰਨ ਦੀ ਇਜਾਜ਼ਤ ਮੰਗੀ। 1 ਮਾਰਚ, 2026 ਨੂੰ ਰਿਲੀਜ਼ ਹੋਏ ਬਾਦਸ਼ਾਹ ਦੇ ਗੀਤ "ਟਟੀਹਰੀ" ਨੂੰ ਪੰਚਕੂਲਾ ਪੁਲਿਸ ਨੇ ਵਿਵਾਦ ਤੋਂ ਬਾਅਦ ਯੂਟਿਊਬ ਤੋਂ ਹਟਾ ਦਿੱਤਾ ਸੀ। ਮਹਿਲਾ ਕਮਿਸ਼ਨ ਅਤੇ ਕਈ ਸਮਾਜਿਕ ਸੰਗਠਨਾਂ ਨੇ ਗੀਤ ਦੀ ਰਿਲੀਜ਼ ਦਾ ਵਿਰੋਧ ਕੀਤਾ।

# ਸਿਲੰਡਰ ਲੈਣ ਲਈ ਲਾਈਨ 'ਚ ਇੰਤਜ਼ਾਰ ਕਰ ਰਹੇ ਬਜ਼ੁਰਗ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ

**ਬਰਨਾਲਾ।** ਬਰਨਾਲਾ ਵਿੱਚ ਇੱਕ ਬਜ਼ੁਰਗ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋ ਗਈ, ਇਸ ਦਾ ਕਾਰਨ ਦੋ ਘੰਟੇ ਗੈਸ ਸਿਲੰਡਰ ਲਈ ਲਾਈਨ ਵਿੱਚ ਇੰਤਜ਼ਾਰ ਕਰਨਾ ਦੱਸਿਆ ਜਾ ਰਿਹਾ ਹੈ। ਬਰਨਾਲਾ ਜ਼ਿਲ੍ਹੇ ਦੇ ਪਿੰਡ ਸ਼ਹਿਣਾ ਵਿੱਚ ਇੱਕ ਬਜ਼ੁਰਗ ਵਿਅਕਤੀ ਦੀ ਮੌਤ ਹੋ ਗਈ। ਉਹ ਗੈਸ ਸਿਲੰਡਰ ਲੈਣ ਲਈ ਦੋ ਘੰਟੇ ਲਾਈਨ ਵਿੱਚ ਇੰਤਜ਼ਾਰ ਕਰ ਰਿਹਾ ਸੀ। ਪਿੰਡ ਸ਼ਹਿਣਾ ਦਾ ਵਸਨੀਕ 65 ਸਾਲਾ ਭੂਸ਼ਣ ਕੁਮਾਰ ਮਿੱਤਲ ਅਤੇ ਉਸ ਦਾ ਪੁੱਤਰ ਦੇਵਰਾਜ ਮਿੱਤਲ ਅੱਜ ਸਵੇਰੇ 8 ਵਜੇ ਤੋਂ ਗੈਸ ਸਿਲੰਡਰ ਲੈਣ ਲਈ ਲਾਈਨ ਵਿੱਚ ਇੰਤਜ਼ਾਰ ਕਰ ਰਹੇ ਸਨ। ਉਹ ਸਿਲੰਡਰ ਲੈਣ ਲਈ ਲਾਈਨ ਵਿੱਚ 25ਵੇਂ ਨੰਬਰ 'ਤੇ ਸੀ। ਇਸ ਦੌਰਾਨ, ਸਿਲੰਡਰ 'ਤੇ ਬੈਠੇ ਹੋਏ, ਉਸ ਨੂੰ ਦਿਲ ਦਾ ਦੌਰਾ ਪਿਆ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਦੀ ਖ਼ਬਰ ਫੈਲਦੇ ਹੀ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ।




SHAM LAL CHANDER ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਆਉਂਦੀ ਕੁੜੀਏ..ਜਾਂਦੀ ਕੁੜੀਏ, ਚੱਕ ਲਿਆ ਬਾਜ਼ਾਰ ਵਿੱਚੋਂ ਰਾਈ ਪਿੰਡ ਮੇਰਾ 'ਵੱਡਾ ਘੋਲੀਆ', ਮੈਨੂੰ ਸਾਰੇ ਮੁੰਡੇ ਕਹਿੰਦੇ 'ਗਿੱਲ ਬਾਈ'

## ਗੀਤਕਾਰ ਦੀਪਾ ਘੋਲੀਆ ਦੀ ਯਾਦ ਨੂੰ ਸਮਰਪਿਤ ਮੇਲਾ ਅੱਜ

**ਭਲੂਰ/ਬੇਅੰਤ ਗਿੱਲ**
ਲੇਖਕ ਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ ਦਾ ਪਿੰਡ ਘੋਲੀਆ ਕਲਾਂ ਪੰਜਾਬ ਦਾ ਉਹ ਸੋਹਣਾ ਤੇ ਨਾਮਵਰ ਪਿੰਡ ਹੈ, ਜਿਹੜਾ ਹਰੇਕ ਸਾਹਿਤਕਾਰ, ਗੀਤਕਾਰ, ਫਿਲਮਕਾਰ ਤੇ ਕਲਾਕਾਰ ਦੇ ਚੇਤਿਆਂ 'ਚ ਵੱਸਿਆ ਬੈਠਾ ਹੈ। ਜਦੋਂ ਗੀਤਾਂ ਦੀ ਗੱਲ ਛਿੜਦੀ ਹੈ ਤਾਂ ਪਿੰਡ ਘੋਲੀਆ ਕਲਾਂ ਫਿਲਮ ਦੀ ਤਰ੍ਹਾਂ ਅੱਖਾਂ ਸਾਹਵੇਂ ਘੁੰਮਦਾ ਹੈ। ਕਿਤਾਬਾਂ ਦੀ ਗੱਲ ਚੱਲਦੀ ਹੈ ਤਾਂ ਬਾਪੂ ਕਾਮਰੇਡ ਸੁਰਜੀਤ ਗਿੱਲ ਘੋਲੀਆ ਕਲਾਂ ਦੀ ਯਾਦ ਆ ਖੜ੍ਹਦੀ ਹੈ। ਇਸ ਤਰ੍ਹਾਂ ਘੋਲੀਆ ਕਲਾਂ ਸਾਡੇ ਸਭ ਦੇ ਦਿਲਾਂ ਦੀ ਧੜਕਨ ਬਣ ਚੁੱਕਾ। ਇਕ ਸਮਾਂ ਸੀ ਜਦੋਂ ਇਸ ਪਿੰਡ ਨੂੰ ਗੀਤਕਾਰਾਂ ਦੇ ਪਿੰਡ ਵਜੋਂ ਜਾਣਿਆ ਜਾਂਦਾ ਸੀ। ਫਿਰ ਉਹ ਸਮਾਂ ਆਇਆ ਜਦੋਂ ਇਸ ਪਿੰਡ ਨੂੰ ਗੀਤਕਾਰਾਂ ਦੇ ਨਾਲ ਨਾਲ ਕਵੀਆਂ, ਸ਼ਾਇਰਾ ਦੇ ਨਾਂਅ ਵਜੋਂ ਵੀ ਮਾਨਤਾ ਮਿਲੀ।

ਹੁਣ ਤਾਂ ਇਸ ਪਿੰਡ ਨੂੰ ਕਹਾਣੀਕਾਰਾਂ ਤੇ ਫਿਲਮਕਾਰਾਂ ਦਾ ਪਿੰਡ ਹੋਣ ਦਾ ਮਾਣ ਵੀ ਮਿਲ ਚੁੱਕਾ ਹੈ। ਗੀਤਕਾਰ ਅਮਰਦੀਪ ਗਿੱਲ ਦੀ ਕਲਮ ਨੇ ਜਿੱਥੇ ਗੀਤਕਾਰੀ ਤੇ ਸ਼ਾਇਰੀ ਵਿਚ ਆਪਣੇ ਪਿੰਡ ਦਾ ਨਾਂਅ ਉੱਚਾ ਕੀਤਾ, ਉੱਥੇ ਹੀ ਉਨ੍ਹਾਂ ਦਾ ਕਹਾਣੀਕਾਰ ਤੇ ਫਿਲਮਕਾਰ ਹੋਣਾ ਵੀ ਪਿੰਡ ਲਈ ਮਾਣ ਵਾਲੀ ਗੱਲ ਹੈ। ਇਸੇ ਤਰ੍ਹਾਂ ਗੀਤਕਾਰ ਦੀਪਾ ਘੋਲੀਆ ਨੇ ਆਪਣੀ ਕਲਮ ਰਾਹੀਂ ਪਿੰਡ ਨੂੰ ਰੱਜਵਾਂ ਮਾਣ ਦਿਵਾਇਆ। ਉਹ ਸਮਾਂ ਵੀ ਕਿੱਡਾ ਸੋਹਣਾ ਸਮਾਂ ਸੀ, ਜਦੋਂ ਗੀਤਕਾਰ ਦੀਪਾ ਘੋਲੀਆ ਦੀ ਕਲਮ ਤੋਂ ਨਿਕਲੇ ਗੀਤਾਂ ਨੇ



ਪਿੰਡ ਘੋਲੀਆ ਕਲਾਂ ਦਾ ਨਾਂਅ ਬੱਚੇ ਬੱਚੇ ਦੀ ਜ਼ਬਾਨ 'ਤੇ ਲਿਆ ਧਰਿਆ। ਇਹੀ ਵਜ੍ਹਾ ਹੈ ਕਿ ਅੱਜ ਘੋਲੀਆ ਕਲਾਂ ਦੇ ਲੋਕ ਦੀਪਾ ਘੋਲੀਆ ਦੀ ਯਾਦ ਵਿੱਚ ਪਿਛਲੇ ਸਾਲ ਤੋਂ ਸੱਭਿਆਚਾਰਕ ਮੇਲਾ ਕਰਵਾਉਣ ਦਾ ਵੱਡਾ ਕਾਰਜ ਨਿਭਾ ਰਹੇ ਹਨ। ਮਿਤੀ 14 ਮਾਰਚ 2026 ਨੂੰ ਗੀਤਕਾਰ ਦੀਪਾ ਘੋਲੀਆ ਦੀ ਯਾਦ ਨੂੰ ਸਮਰਪਿਤ ਦੂਜਾ ਸੱਭਿਆਚਾਰਕ ਮੇਲਾ ਜੁੜ ਰਿਹਾ ਹੈ। ਇਸ ਦੌਰਾਨ ਨਾਮਵਾਰ ਗੀਤਕਾਰ ਤੇ ਗਾਇਕ ਸ਼ਮੂਲੀਅਤ ਕਰ ਰਹੇ ਹਨ। ਇਹ ਮੇਲਾ ਸਮੂਹ ਗ੍ਰਾਮ ਪੰਚਾਇਤ, ਐਨ ਆਰ ਆਈਜ਼ ਵੀਰਾਂ ਅਤੇ ਸਮੁੱਚੇ ਨਗਰ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਲੇਖਕ ਤੇ ਨਿਰਦੇਸ਼ਕ ਅਮਰਦੀਪ ਸਿੰਘ ਗਿੱਲ, ਲੇਖਕ ਤੇ ਆਲੋਚਕ ਸੁਰਜੀਤ ਬਰਾੜ ਘੋਲੀਆ, ਗੀਤਕਾਰ ਜਰਨੈਲ ਸਿੰਘ ਗਿੱਲ ਘੋਲੀਆ ਕਲਾਂ, ਸ਼ਾਇਰ ਹਰਿੰਦਰ ਬਰਾੜ, ਕਹਾਣੀਕਾਰ ਕੁਲਵੰਤ ਘੋਲੀਆ, ਗੀਤਕਾਰ ਅਮਰਜੀਤ ਘੋਲੀਆ ਤੇ ਲੇਖਕ ਅਮਰ ਘੋਲੀਆ ਤੋਂ ਇਲਾਵਾ ਇਸ ਪਿੰਡ ਦੀਆਂ ਹੋਰ ਵੀ ਨਾਮਵਰ ਸ਼ਖ਼ਸੀਅਤਾਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਇਸ ਮੇਲੇ ਵਿੱਚ ਨਾਮਵਾਰ ਗਾਇਕ ਬਬਲੀ ਖੋਸਾ, ਬੂਟਾ ਭਾਈ ਰੂਪਾ, ਗੁਰਸੇਵਕ ਘੋਲੀਆ, ਗੋਰਾ ਚੱਕ ਵਾਲਾ, ਐੱਸ ਕੌਰ, ਹਰਦੇਵ ਮਾਹੀਨੰਗਲ, ਅੰਗਰੇਜ਼ ਅਲੀ, ਹਰਪ੍ਰੀਤ ਰਾਜਸਥਾਨੀ, ਹੈਪੀ ਰੰਧੇਵ, ਮਮਤਾਜ ਗਿੱਲ, ਮਨਮੋਹਨ ਗਿੱਲ, ਡਾ ਬਲਜੀਤ ਸਿੰਘ, ਪੁਰੀ ਘੋਲੀਆ, ਅਜੇ ਦੀਪ, ਅਜੇਵੀਰ, ਦੀਪ ਦਵਿੰਦਰ, ਹਰਿੰਦਰ ਸੰਧੂ, ਅਮਨ ਧਾਲੀਵਾਲ, ਹਰਮਿਲਾਪ ਗਿੱਲ, ਬਲਵੀਰ ਚੋਟੀਆਂ, ਜੈਸਮੀਨ ਚੋਟੀਆਂ, ਲਵਜੀਤ, ਨਵਦੀਪ ਸੰਧੂ, ਆਰ. ਡੀ ਘੋਲੀਆ, ਮੰਗਾ ਘੋਲੀਆ, ਗਿੱਲ ਹਰਮਨ ਘੋਲੀਆ, ਕਰਨ ਘੋਲੀਆ, ਸੀਰਤ ਸਿੱਧੂ, ਸਿਮਰ ਗਿੱਲ, ਦੀਪ ਬਰਾੜ, ਦਵਿੰਦਰ ਘੋਲੀਆ, ਬੱਲ ਸਾਬ੍ਹ, ਜੱਸੀ ਸੇਖੋਂ ਤੋਂ ਇਲਾਵਾ ਹੋਰ ਵੀ ਕਈ ਕਲਾਕਾਰ ਪਹੁੰਚ ਰਹੇ ਹਨ।

## ਨਵਾਂਸ਼ਹਿਰ ਤੋਂ ਬਸਪਾ ਦੀ ਰੈਲੀ ਵਿੱਚ ਜੇਕਰ ਜਾਣ ਤੋਂ ਰਹਿ ਜਾਵੇ ਤਾਂ ਉਹ ਸਾਥੀ ਬਸਪਾ ਦੇ ਦਫ਼ਤਰ ਪਹੁੰਚ ਜਾਵੇ - ਐਡਵੋਕੇਟ ਮਕੇਸ਼ ਬਾਲੀ

**ਨਵਾਂਸ਼ਹਿਰ( ਚਰਨਜੀਤ ਸੱਲ੍ਹਾਂ )** ਜੈ ਭੀਮ ਜੈ ਭਾਰਤ ਜੈ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਬਹੁਜਨ ਸਮਾਜ ਪਾਰਟੀ ਦੇ ਸਾਰੇ ਹੀ ਸਤਿਕਾਰਯੋਗ ਜੁਝਾਰੂ ਸਾਥੀਆਂ ਨੂੰ ਬੇਨਤੀ ਹੈ ਕਿ ਸਾਹਿਬ ਸ਼੍ਰੀ ਕਾਂਸ਼ੀਰਾਮ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਜੋ "ਸੱਤਾ ਪ੍ਰਾਪਤ ਕਰੋ ਰੈਲੀ" ਮਿਤੀ 15 ਮਾਰਚ 2026 ਦਿਨ ਐਤਵਾਰ ਨੂੰ ਬਹਿਰਾਮ, ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕੀਤੀ ਜਾ ਰਹੀ ਹੈ, ਉਸ ਵਿੱਚ ਸਾਰੇ ਸਾਥੀਆਂ ਨੂੰ ਵੱਡੀ ਗਿਣਤੀ ਵਿੱਚ ਹੁੰਮ ਹੁਮਾ ਕੇ ਪਹੁੰਚਣ ਦੀ ਅਪੀਲ ਬੇਨਤੀ ਕੀਤੀ ਜਾਂਦੀ ਹੈ।

ਵਿਧਾਨ ਸਭਾ ਨਵਾਂ ਸ਼ਹਿਰ ਤੋਂ ਵੀ ਵੱਡੀ ਗਿਣਤੀ ਵਿੱਚ ਸਾਥੀ ਆਪਣੇ ਆਪਣੇ ਸਾਧਨਾਵਾਂ, ਗੱਡੀਆਂ, ਮੋਟਰਾਂ, ਕਾਰਾਂ, ਬੱਸਾਂ ਆਦਿ ਰਾਹੀਂ ਇਸ ਰੈਲੀ ਵਿੱਚ ਸ਼ਾਮਿਲ ਹੋ



ਰਹੇ ਹਨ। ਅਗਰ ਕਿਸੇ ਸਾਥੀ ਕੋਲ ਰੈਲੀ ਵਿੱਚ ਪਹੁੰਚਣ ਲਈ ਕੋਈ ਸਾਧਨ ਨਹੀਂ ਹੈ ਉਹ ਸਾਥੀ ਮਿਤੀ 15 ਮਾਰਚ ਸਵੇਰੇ ਠੀਕ 9 ਵਜੇ ਪਾਰਟੀ ਦਫਤਰ ਕੇਸੀ ਟਾਵਰ, ਚੰਡੀਗੜ੍ਹ ਰੋਡ, ਨਵਾਂਸ਼ਹਿਰ ਵਿਖੇ ਪਹੁੰਚ ਸਕਦੇ ਹਨ।

**ਧੰਨਵਾਦ ਸਹਿਤ ਬੇਨਤੀ ਕਰਤਾ ਮੁਕੇਸ਼ ਬਾਲੀ ਐਡਵੋਕੇਟ**

# ਬਲੱਡ ਡੋਨਰਜ਼ ਵੱਲੋਂ ਸ਼ਹੀਦ ਊਧਮ ਸਿੰਘ ਸੰਕਲਪ ਦਿਵਸ ਨੂੰ ਸਮਰਪਿਤ ਖ਼ੂਨਦਾਨ ਕੈਂਪ ਲਗਾਇਆ

## ਖੂਨਦਾਨੀਆਂ ਨੂੰ ਬੂਟਿਆਂ ਨਾਲ ਕੀਤਾ ਸਨਮਾਨਿਤ

**ਮਹਿਤਪੁਰ,13 ਮਾਰਚ (ਹਰਜਿੰਦਰ ਸਿੰਘ ਚੰਦੀ)**-ਬਲੱਡ ਡੋਨਰਜ਼ ਕਲੱਬ ਮਹਿਤਪੁਰ ਵੱਲੋਂ ਸ਼ਹੀਦ ਊਧਮ ਸਿੰਘ ਉਰਫ ਮੁਹੰਮਦ ਸਿੰਘ ਆਜ਼ਾਦ ਦੇ ਸੰਕਲਪ ਦਿਵਸ ਨੂੰ ਸਮਰਪਿਤ ਵਿਸ਼ਾਲ ਖ਼ੂਨਦਾਨ ਕੈਂਪ ਲਗਾਇਆ ਗਿਆ। ਟੁਰਨਾ ਇੰਜਨੀਅਰਿੰਗ ਵਰਕਸ ਮਹਿਤਪੁਰ ਵਿਖੇ ਲਗਾਏ ਇਸ ਖ਼ੂਨਦਾਨ ਕੈਂਪ ਦੌਰਾਨ ਲਗਭਗ 60 ਖ਼ੂਨਦਾਨੀਆਂ ਨੇ ਖ਼ੂਨਦਾਨ ਕਰਕੇ ਮਾਨਵਤਾ ਦਾ ਫਰਜ਼ ਨਿਭਾਇਆ। ਇਸ ਮੌਕੇ ਤਕਰੀਬਨ 110 ਵਿਅਕਤੀਆਂ ਦੇ ਖ਼ੂਨ ਗਰੁੱਪ ਅਤੇ ਐਚ ਬੀ ਟੈਸਟ ਦੀ ਫਰੀ ਸੇਵਾ ਕੀਤੀ ਗਈ। ਇਸ ਮੌਕੇ ਸਾਰੇ ਖ਼ੂਨਦਾਨੀ ਯੋਧਿਆਂ ਨੂੰ ਵੱਖ- ਵੱਖ ਕਿਸਮਾਂ ਦੇ ਬੂਟਿਆਂ ਨਾਲ ਸਨਮਾਨਿਤ ਕੀਤਾ ਗਿਆ। ਸ਼ਹੀਦ ਊਧਮ ਸਿੰਘ ਸੰਕਲਪ ਦਿਵਸ ਨੂੰ ਸਮਰਪਿਤ ਇਸ ਖ਼ੂਨਦਾਨ ਕੈਂਪ ਨੂੰ ਕਾਮਯਾਬ ਬਣਾਉਣ ਵਿਚ ਗੁਰਨਾਮ ਸਿੰਘ ਮਹਿਸਮਪੁਰੀ, ਮਹਿੰਦਰਪਾਲ ਸਿੰਘ ਟੁਰਨਾ, ਸੁਰਿੰਦਰ ਪਾਲ ਸਿੰਘ ਨਕੋਦਰ, ਗੁਰਪ੍ਰੀਤ ਸਿੰਘ ਖਾਲਸਾ ਮੋਬਾਇਲ, ਹਰਜਿੰਦਰ ਸਿੰਘ ਸਰਪੰਚ, ਬੱਲੀ ਪ੍ਰਿੰਟਿੰਗ ਪ੍ਰੈਸ ,ਮੰਗਤ ਰਾਮ ਸਰਪੰਚ, ਨਰੇਸ਼ ਕੁਮਾਰ ਕਾਲੀ, ਵਿਜੇ ਮੜਾਸ , ਸੁਖਵਿੰਦਰ ਸਿੰਘ ਮੰਡੇਰ, ਤਰਸੇਮ ਸਿੰਘ ਮੰਡੇਰ, ਕਸ਼ਮੀਰੀ ਲਾਲ ਐਮਸੀ, ਗੌਤਮ ਮਹਿਤਾ,




ਲਵਲੀ ਟੈਂਟ ਹਾਊਸ , ਦੀਦਾਰ ਸਿੰਘ ਜੋਸਨ ,ਦਲਜੀਤ ਸਿੰਘ ਬਾਜਵਾ ,ਰਸ਼ਪਾਲ ਸਿੰਘ ਧੰਜੂ , ਜਨਕ ਰਾਜ ਸਰੋਆ ,ਲਾਡੀ ਮਰੋਕ ਐਮਰੋਕ ਡੀਜੇ, ਧਰਮਿੰਦਰ ਕੁਮਾਰ ਰੋਸ਼ਨ , ਮਰੋਕ ਬੂਟ ਹਾਊਸ ਅਤੇ ਸਮਰਾ ਕੰਪਿਊਟਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਹੱਕ ਮੰਗਦੇ ਅਧਿਆਪਕਾਂ ਤੇ ਦੂਸਰੀ ਵਾਰ ਲਾਠੀਚਾਰਜ ਦੀ ਅਧਿਆਪਕ ਦਲ ਵੱਲੋਂ ਸਖ਼ਤ ਸ਼ਬਦਾਂ ਵਿਚ ਨਿੰਦਾ

**ਕਪੂਰਥਲਾ, 13 ਮਾਰਚ ( ਵਿਸ਼ੇਸ ਪ੍ਰਤੀਨਿਧ)–** ਅਧਿਆਪਕ ਦਲ ਪੰਜਾਬ ਦੇ ਕਪੂਰਥਲਾ ਦੇ ਜਿਲ੍ਹਾ ਪ੍ਰਧਾਨ ਸੁਖਦਿਆਲ ਸਿੰਘ ਝੰਡ, ਮਨਜਿੰਦਰ ਸਿੰਘ ਧੰਜੂ, ਲੈਕਚਰਾਰ ਰਜੇਸ਼ ਜੋਲੀ, ਭਜਨ ਸਿੰਘ ਮਾਨ, ਰਮੇਸ਼ ਕੁਮਾਰ ਭੇਟਾਂ ਵੱਸਣਦੀਪ ਸਿੰਘ ਜੱਜ,ਹਰਦੇਵ ਸਿੰਘ ਖਾਨੋਵਾਲ, ਸੁਖਜਿੰਦਰ ਸਿੰਘ ਢੋਲਣ ਨੇ ਪਹਿਲਾਂ ਪੁਰਾਣੀ ਪੈਨਸ਼ਨ ਦੀ ਮੰਗ ਕਰ ਰਹੇ ਅਧਿਆਪਕਾਂ ਅਤੇ ਹੁਣ ਸਾਂਝੇ ਮੋਰਚੇ ਦੇ ਬੈਨਰ ਹੇਠ ਆਪਣੇ ਹੱਕਾਂ ਲਈ ਚੰਡੀਗੜ੍ਹ ਵਿਖੇ ਪ੍ਰਦਰਸ਼ਨ ਕਰਦੇ ਅਧਿਆਪਕਾਂ ਤੇ ਪਾਣੀ ਦੀਆਂ ਬੁਛਾੜਾਂ, ਅੱਥਰੂ ਗੈਸ ਦੇ ਗੋਲੇ ਅਤੇ ਲਾਠੀਚਾਰਜ ਕਰਨ ਦੀ ਨਿੰਦਾ ਕਰਦਿਆਂ ਕਿਹਾ ਕਿ ਬਦਲਾਅ ਦੇ ਨਾਅਰੇ ਨਾਲ ਸੱਤਾ ਵਿੱਚ ਆਈ ਆਮ ਪਾਰਟੀ ਦੀ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੇ ਜਬਰ ਦੀਆਂ ਹੱਦਾਂ ਬਣੇ ਪਾਰ ਕਰਦੇ ਹੋਏ ਇਕ ਹਫ਼ਤੇ ਵਿੱਚ ਦੂਸਰੀ ਵਾਰ ਪਾਣੀ ਦੀਆਂ ਬੁਛਾੜਾਂ ਮਾਰਕੇ ਤੇ ਅੱਥਰੂ ਗੈਸ ਛੱਡਕੇ ਅਧਿਆਪਕਾਂ ਦੀਆਂ ਦਸਤਾਰਾਂ ਲਾਈਆਂ ਅਤੇ ਮਹਿਲਾ ਅਧਿਆਪਕਾਂ ਦੀਆਂ ਚੁੰਨੀਆਂ ਰੋਲੀਆਂ । ਉਨ੍ਹਾਂ ਕਿਹਾ ਕਿ ਚਾਰ ਸਾਲ ਪਹਿਲਾਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫ਼ਿਕੇਸ਼ਨ ਜਾਰੀ ਕਰਨ ਵਾਲੀ ਸਰਕਾਰ ਵੱਖ-ਵੱਖ ਰਾਜਾਂ ਦੀਆਂ ਚੋਣਾਂ ਵਿੱਚ ਪ੍ਰਚਾਰ ਕਰਦੀ ਰਹੀ ਕਿ ਅਸੀਂ ਪੰਜਾਬ ਵਿੱਚ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਹੈ, ਪਰ ਅੱਜ ਤੱਕ ਉਸ ਨੂੰ ਅਮਲੀ ਜਾਮਾ ਨਹੀਂ ਪਾ ਸਕੀ । ਸਰਕਾਰ ਪੰਜਾਬ ਦੇ ਮੁਲਾਜ਼ਮਾਂ ਨੂੰ 2 ਸਾਲ ਤੋਂ ਡੀ.ਏ ਨਹੀਂ ਦੇ ਸਕੀ , ਵੱਖ-ਵੱਖ ਵਿਭਾਗਾਂ ਦੇ 35 ਤਰਾਂ ਦੇ ਭੱਤੇ ਬੰਦ ਕੀਤੇ ਹੋਏ ਹਨ । 4-9-14 ਏ.ਸੀ.ਪੀ ਤੇ ਰੋਕ ਲਾਈ ਹੋਈ ਹੈ । ਉਹਨਾਂ ਕਿਹਾ ਕਿ ਹੁੱਣ 25-25 ਸਾਲ ਤੋ ਸਿਖਿਆ ਵਿਭਾਗ 'ਚ ਪੜ੍ਹਾ ਰਹੇ ਅਧਿਆਪਕਾਂ ਤੇ ਜਬਰੀ ਟੈਟ ਥੋਪਿਆ ਜਾ ਰਿਹਾ ਹੈ । ਜਿਸ ਕਾਰਨ ਪੰਜਾਬ ਦੇ ਹਜ਼ਾਰਾਂ ਅਧਿਆਪਕ ਮਾਨਸਿਕ ਤਣਾਅ ਵਿੱਚੋਂ ਗੁਜ਼ਰ ਰਹੇ ਹਨ । ਇਹ ਅਧਿਆਪਕ ਨੌਕਰੀ ਵਿੱਚ ਆਉਣ ਸਮੇਂ ਸਾਰੀਆਂ ਸ਼ਰਤਾਂ ਪੂਰਾ ਕਰਕੇ ਹੀ ਵਿਭਾਗ ਵਿੱਚ ਆਏ ਹਨ , ਪਰੰਤੂ ਹੁੱਣ ਉਹਨਾਂ ਉੱਪਰ ਟੈਟ ਦੀ ਸ਼ਰਤ ਲਾਉਣਾ ਸਰਾਸਰ ਧੱਕਾ ਹੈ । ਸਰਕਾਰ ਨੂੰ ਇਸ ਸਬੰਧੀ ਵਿਧਾਨ ਸਭਾ ਵਿੱਚ ਆਰਡੀਨੈਂਸ ਲਿਆਉਣਾ ਚਾਹੀਦਾ ਹੈ ਅਤੇ ਅਧਿਆਪਕਾਂ ਨੂੰ ਰਾਹਤ ਦੇਣੀ



ਚਾਹੀਦੀ ਹੈ। ਪਰ ਸਰਕਾਰ ਲਾਠੀਚਾਰਜ ਕਰਕੇ ਉਹਨਾਂ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ । ਉਹਨਾਂ ਕਿ ਪੰਜਾਬ ਦੀਆਂ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਜਲਦ ਹੀ ਇੱਕ ਪਲੇਟਫ਼ਾਰਮ ਤੋ ਸਾਂਝੇ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ । ਇਸ ਮੌਕੇ ਵਰਿੰਦਰ ਕੰਬੋਜ, ਲੈਕਚਰਾਰ ਵਨੀਸ਼ ਸ਼ਰਮਾ, ਅਮਰਜੀਤ ਕਾਲਾ ਸੰਘਿਆਂ , ਮਨੂੰ ਕੁਮਾਰ ਪਰਾਸ਼ਰ, ਵੱਸਣਦੀਪ ਸਿੰਘ ਜੱਜ, ਸ਼ੁਭ ਦਰਸ਼ਨ ਨਰਾਇਣ ਆਨੰਦ, ਰਕੇਸ਼ ਸਾਨਿਆਲ, ਸੁਖਜਿੰਦਰ ਸਿੰਘ ਢੋਲਣ, ਰਾਜਨਜੋਤ ਸਿੰਘ ਖਹਿਰਾ, ਇੰਦਰਜੀਤ ਸਿੰਘ ਖਹਿਰਾ, ਅਮਰੀਕ ਸਿੰਘ ਰੰਧਾਵਾ, ਗੁਰਮੀਤ ਸਿੰਘ ਖਾਲਸਾ, ਰੋਸ਼ਨ ਲਾਲ ,ਪ੍ਰਦੀਪ ਕੁਮਾਰ ਵਰਮਾ, ਦਵਿੰਦਰ ਸਿੰਘ, ਅਸ਼ਵਨੀ ਭਾਟੀਆ, ਰਾਮ ਗੋਪਾਲ ਕਰਮਜੀਤ ਸਿੰਘ, ਜਸਵਿੰਦਰ ਖੇੜਾ ,ਸ਼ਮੀ ਕੁਮਾਰ, ਰੁਪਿੰਦਰ ਸਿੰਘ, ਕੁਲਦੀਪ ਸਿੰਘ, ਹਰਜੀਤ ਸਿੰਘ ,ਸੁਮਿਤ ਗੁਪਤਾ, ਮਨੋਹਰ ਸਿੰਘ, ਮਨੋਜ ਟਿੱਬਾ, ਸਤੀਸ਼ ਟਿੱਬਾ, ਜਗਜੀਤ ਸਿੰਘ ਪਿੱਥੋਰਾਹਲ, ਅਮਰਜੀਤ ਸਿੰਘ ਡੈਡਵਿੰਡ, ਅਮਨ ਸੂਦ,ਅਮਨਦੀਪ ਸਿੰਘ ਵੱਲਣੀ, ਜਤਿੰਦਰ ਸਿੰਘ ,ਕੁਲਬੀਰ ਸਿੰਘ, ਮਨਜੀਤ ਸਿੰਘ ਥਿੰਦ , ਅਜੈ ਕੁਮਾਰ ਸਿੰਗਲਾ, ਅਮਰਜੀਤ ਸ਼ਰਮਾ ਆਦਿ ਹਾਜ਼ਰ ਸਨ ।

## ਮੁੱਖ ਮੰਤਰੀ ਮਾਵਾਂ-ਧੀਆਂ ਸਤਿਕਾਰ ਯੋਜਨਾ' ਤਹਿਤ ਜ਼ਿਲ੍ਹੇ 'ਚ ਵੱਖ-ਵੱਖ ਥਾਈਂ ਕੱਢੀ ਗਈ ਜਾਗੋ

### ਮਹਿਲਾਵਾਂ ਨੇ ਮੁੱਖ ਮੰਤਰੀ ਅਤੇ ਪੰਜਾਬ ਸਰਕਾਰ ਦਾ ਪ੍ਰਗਟਾਇਆ ਧੰਨਵਾਦ



**ਸ਼ਹੀਦ ਭਗਤ ਸਿੰਘ ਨਗਰ, 13 ਮਾਰਚ (ਜਤਿੰਦਰ ਪਾਲ ਸਿੰਘ ਕਲੇਰ )** ਮਹਿਲਾਵਾਂ ਦੇ ਸਨਮਾਨ ਅਤੇ ਸਸ਼ਕਤੀਕਰਨ ਵੱਲ ਅਹਿਮ ਕਦਮ ਚੁੱਕਦਿਆਂ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਦਾ ਆਗਾਜ਼ ਕਰਨ ਦੀ ਖੁਸ਼ੀ ਵਿੱਚ ਮਹਿਲਾਵਾਂ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਥਾਈਂ ਜਾਗੋ ਕੱਢੀ ਗਈ। ਵਿਧਾਨ ਸਭਾ ਹਲਕਾ ਬੰਗਾ ਵਿਖੇ ਹਲਕਾ ਵਿਧਾਇਕ ਸੁੱਖਵਿੰਦਰ ਸੁੱਖੀ ਵੱਲੋਂ ਖੁਦ ਜਾਗੋ ਦੀ ਅਗਵਾਈ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਇਹ ਯੋਜਨਾ ਸਿਰਫ਼ ਵਿੱਤੀ ਸਹਾਇਤਾ ਨਹੀਂ, ਸਗੋਂ ਪੰਜਾਬ ਦੀਆਂ ਮਾਵਾਂ, ਭੈਣਾਂ ਅਤੇ ਧੀਆਂ ਦੇ ਸਨਮਾਨ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਸ ਵਿੱਤੀ ਸਹਾਇਤਾ ਨਾਲ ਮਹਿਲਾਵਾਂ ਦੀ ਆਰਥਿਕਤਾ ਦੇ ਨਾਲ-ਨਾਲ ਆਤਮ ਸਨਮਾਨ ਨੂੰ ਮਜ਼ਬੂਤੀ ਮਿਲੇਗੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਮਹਿਲਾਵਾਂ ਦੀ ਭਲਾਈ ਅਤੇ ਸਸ਼ਕਤੀਕਰਨ ਲਈ ਪਹਿਲਾਂ ਵੀ ਕਈ ਅਹਿਮ ਕਦਮ ਚੁੱਕੇ ਹਨ, ਕਿਉਂਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਜੇਕਰ ਔਰਤਾਂ ਮਜ਼ਬੂਤ ਹੋਣਗੀਆਂ ਤਾਂ ਹੀ ਪਰਿਵਾਰ ਮਜ਼ਬੂਤ ਹੋਣਗੇ ਅਤੇ ਜਦੋਂ ਪਰਿਵਾਰ ਮਜ਼ਬੂਤ ਹੋਣਗੇ ਤਾਂ ਸਮਾਜ ਵੀ ਮਜ਼ਬੂਤ ਬਣੇਗਾ। ਇਸੇ ਤਰ੍ਹਾਂ ਬਲਾਚੌਰ ਅਤੇ ਨਵਾਂਸ਼ਹਿਰ ਵਿਖੇ ਵੀ ਮਹਿਲਾਵਾਂ ਵੱਲੋਂ ਜਾਗੋ ਕੱਢ ਕੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਪ੍ਰਗਟ ਕੀਤਾ ਗਿਆ। ਔਰਤਾਂ ਨੇ ਕਿਹਾ ਕਿ 'ਮੁੱਖ ਮੰਤਰੀ ਮਾਵਾਂ ਧੀਆਂ ਸਤਿਕਾਰ ਯੋਜਨਾ' ਪੰਜਾਬ ਦੀਆਂ ਲੱਖਾਂ ਔਰਤਾਂ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਅਤੇ ਸਵੈ-ਨਿਰਭਰ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ 18 ਸਾਲ ਤੋਂ ਵੱਧ ਉਮਰ ਦੀ ਹਰ ਔਰਤ ਨੂੰ ਪ੍ਰਤੀ ਮਹੀਨਾ 1000 ਰੁਪਏ ਅਤੇ ਅਨੁਸੂਚਿਤ ਜਾਤੀ ਦੀਆਂ ਔਰਤਾਂ ਨੂੰ ਪ੍ਰਤੀ ਮਹੀਨਾ 1500 ਰੁਪਏ ਦਿੱਤੇ ਜਾਣਗੇ।

## ਪਾਵਰਕਾਮ ਕਾਰਪੋਰੇਸ਼ਨ ਖੈੜਾ ਮੰਦਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਸਰਬੱਤ ਦੇ ਭਲੇ ਲਈ ਸ਼੍ਰੀ ਸੁਖਮਣੀ ਸਾਹਿਬ ਪਾਠ ਦੇ ਭੋਗ ਪਾਏ

**ਕਪੂਰਥਲਾ,13 ਮਾਰਚ ( ਕੌੜਾ )–** ਪਾਵਰ ਕਾਮ ਕਾਰਪੋਰੇਸ਼ਨ (ਲਿਮਿਟਡ ) ਖੈੜਾ ਮੰਦਰ ( ਕਪੂਰਥਲਾ ) ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸਾਂਝੇ ਤੌਰ ਉਤੇ ਹਰ ਸਾਲ ਦੀ ਤਰ੍ਹਾਂ ਸਰਬੱਤ ਦੇ ਭਲੇ ਲਈ ਸ੍ਰੀ ਸੁਖਮਣੀ ਸਾਹਿਬ ਦੇ ਪਾਠ ਦੇ ਭੋਗ ਪਾਏ ਗਏ । ਐੱਸ ਡੀ ਓ ਇੰਜ: ਗੁਰਨਾਮ ਸਿੰਘ ਬਾਜਵਾ ਦੀ ਯੋਗ ਅਗਵਾਈ ਹੇਠ ਅੱਜ ਦੇਸੀ ਸਾਲ ਦੀ ਸ਼ੁਰੂਆਤ ਮੌਕੇ ਅੱਜ ਬਿਜਲੀ ਘਰ ਖੈੜਾ ਮੰਦਰ ਵਿਖ਼ੇ ਸਰਬੱਤ ਦੇ ਭਲੇ ਲਈ ਜਿੱਥੇ ਸ਼੍ਰੀ ਸੁਖਮਣੀ ਸਾਹਿਬ ਪਾਠ ਦੇ ਭੋਗ ਪਾਏ ਗਏ ਉੱਥੇ ਭਾਈ ਕਰਮ ਸਿੰਘ ਨੂਰਪੁਰੀ ਦੇ ਪ੍ਰਸਿੱਧ ਕੀਰਤਨੀ ਜੱਥੇ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸੁਸ਼ੋਭਿਤ ਸੰਗਤਾਂ ਨੂੰ ਰਸ ਭਿੰਨੇ ਕੀਰਤਨ ਰਾਹੀਂ ਗੁਰਬਾਣੀ ਨਾ਼ਲ ਜੋੜਿਆ ਗਿਆ, ਇਸੇ ਤਰ੍ਹਾਂ ਭਾਈ ਕਸ਼ਮੀਰ ਸਿੰਘ ਜੀ ਮਾਛੀ ਪਾਲ ਅਤੇ ਬਾਬਾ ਮੰਗਲ ਸਿੰਘ ਮੱਲ੍ਹੀ ਨੇ ਵੀ ਸੰਗਤਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਗੁਰਬਾਣੀ ਨਾ਼ਲ ਜੁੜਨ ਦੀ ਸਿੱਖਿਆ ਦਿੱਤੀ। ਉਕਤ ਧਾਰਮਿਕ ਸਮਾਗਮ ਦੌਰਾਨ ਸਰਬੱਤ ਦੇ ਭਲੇ ਲਈ ਅਰਦਾਸਾਂ ਕੀਤੀਆਂ ਗਈਆਂ ਅਤੇ ਰਾਗੀ ਢਾਡੀ ਅਤੇ ਕੀਰਤਨੀ ਜਥਿਆਂ ਨੂੰ ਸਮਾਗਮ



ਪਾਵਰਕਾਮ ਕਾਰਪੋਰੇਸ਼ਨ ਖੈੜਾ ਮੰਦਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਸਰਬੱਤ ਦੇ ਭਲੇ ਲਈ ਆਯੋਜਿਤ ਧਾਰਮਿਕ ਸਮਾਗਮ ਦਾ ਦ੍ਰਿਸ਼ ।

ਪ੍ਰਬੰਧਕਾਂ ਵੱਲੋਂ ਸਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ।

ਉਕਤ ਧਾਰਮਿਕ ਸਮਾਗਮ ਦੌਰਾਨ ਇੰਜ: ਸੁਰਿੰਦਰ ਪਾਲ ਸੌਂਧੀ ਡਿਪਟੀ ਚੀਫ ਇੰਜੀਨੀਅਰ ਕਪੂਰਥਲਾ,ਇੰਜ: ਰਜੇਸ਼ ਕੁਮਾਰ ਵਧੀਕ ਨਿਗਰਾਨ ਇੰਜੀਨੀਅਰ ਸ਼ਹਿਰੀ ਕਪੂਰਥਲਾ,ਇੰਜ: ਵਿਨੇ ਕੋਮਲ ਵਧੀਕ ਨਿਗਰਾਨ ਇੰਜੀਨੀਅਰ ਨਕੋਦਰ ਮੰਡਲ,ਇੰਜ: ਵਿਨੇ ਕੁਮਾਰ ਸ਼ਰਮਾ ਸੀਨੀਅਰ ਐਕਸੀਅਨ ਕਰਤਾਰਪੁਰ,ਇੰਜ: ਕੁਲਤਾਰ ਸਿੰਘ ਐਸ ਡੀ ਓ ਭਲੱਥ,ਇੰਜ: ਬਲਵੀਰ ਸਿੰਘ ਧਾਰੋਵਾਲੀ ਐਸਡੀਓ ਹਮੀਰਾ, ਇੰਜ: ਜਸਵਿੰਦਰ ਸਿੰਘ ਥਿੰਦ ਐਸਡੀਓ ਸੁਲਤਾਨਪੁਰ ਲੋਧੀ,ਇੰਜ: ਅਮਨਦੀਪ ਸਿੰਘ ਐਸ ਡੀ ਓ ਕਪੂਰਥਲਾ ਸ਼ਹਿਰੀ, ਇੰਜ: ਸੁਨੀਲ ਹੰਸ ਐਸ ਡੀ ਓ ਸਮਰਾਏ, ਇੰਜ: ਰਜੀਵ ਪ੍ਰਭਾਕਰ ਐਸ ਡੀ ਓ ਮੱਲੀਆਂ ( ਨਕੋਦਰ ), ਇੰਜ: ਨਿਰਮਲ ਸਿੰਘ ਨੰਡਾ ਜੇਈ ਫਲਾਇੰਗ ਕਪੂਰਥਲਾ, ਇੰਜ: ਮਾਨ ਬਹਾਦਰ ਐਸ ਡੀ ਓ ਸਟੋਰ ਕਪੂਰਥਲਾ, ਗੁਰਸ਼ਰਨ ਸਿੰਘ ਜੇ ਈ ਸੁਲਤਾਨਪੁਰ ਲੋਧੀ ਇੰਜ: ਗੁਰਪ੍ਰੀਤ ਸਿੰਘ ਜੇ ਈ ਸੁਲਤਾਨਪੁਰ ਲੋਧੀ ਇੰਜੀ: ਨਵ ਸੰਗੀਤ ਐਸ ਡੀ ਓ ਸਟੋਰ ਨਕੋਦਰ , ਇੰਜ: ਦੀਪਕ ਸਿੰਘ ਐਸ ਡੀ ਓ ਫਲਾਇੰਗ ਕਪੂਰਥਲਾ, ਜੇ ਈ ਇੰਜ: ਯੁਵਰਾਜ ਕੰਬੋਜ, ਜੇ ਈ ਇੰਜ: ਜਸਪਾਲ ਗਿੱਲ, ਸੀਨੀਅਰ ਕਲਰਕ ਜਸ਼ਨਦੀਪ ਖਿੰਡਾ, ਲਾਈਨਮੈਨ ਗੁਰਮੇਲ ਸਿੰਘ, ਸਰਪੰਚ ਸਰਦੂਲ ਸਿੰਘ ਸਿਆਲ, ਸਰਪੰਚ ਜਸਵੰਤ ਸਿੰਘ ਭਾਣੋ ਲੰਗਾ, ਬਲਾਕ ਸੰਮਤੀ ਮੈਂਬਰ ਕੁਲਬੀਰ ਖੈੜਾ ਸੁਖੀਆ ਨੰਗਲ, ਸਾਬਕਾ ਬਲਾਕ ਸੰਮਤੀ ਮੈਂਬਰ ਕੁਲਬੀਰ ਥਿੰਦ, ਸਾਬਕਾ ਸਰਪੰਚ ਪਰਗਣ ਸਿੰਘ ਬਿਹਾਰੀਪੁਰ, ਸਾਬਕਾ ਸਰਪੰਚ ਸਾਬੀ ਖੈੜਾ, ਸਾਬਕਾ ਸਰਪੰਚ ਸੁਨੀਸ਼ ਕੁਮਾਰ ਕੜਾਲ ਕਲਾਂ, ਸਾਬਕਾ ਸਰਪੰਚ ਰਸ਼ਪਾਲ ਸਿੰਘ ਚਾਹਲ, ਸਾਬਕਾ ਸਰਪੰਚ ਇੰਦਰ ਸਿੰਘ ਤੋਂਗਾਂਵਾਲ, ਪੰਚ ਗੁਰਪ੍ਰੀਤ ਸਿੰਘ ਗੋਪੀ ਭਾਣੋ ਲੰਗਾ ਆਦਿ ਇਲਾਕ਼ੇ ਦੇ ਪੰਚਾਂ, ਸਰਪੰਚਾਂ, ਮੋਹਤਬਾਰਾਂ ਤੋਂ ਇਲਾਵਾ ਇਲਾਕੇ ਦੇ ਕਿਸਾਨ ਅਤੇ ਮਜ਼ਦੂਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਸਮਾਗਮ ਪ੍ਰਬੰਧਕ ਇੰਜੀਨੀਅਰ ਗੁਰਨਾਮ ਸਿੰਘ ਬਾਜਵਾ ਐਸ ਡੀ ਓ ਸਬ ਡਿਵੀਜ਼ਨ ਖੈੜਾ ਮੰਦਰ ਨੇ ਧਾਰਮਿਕ ਸਮਾਗਮ ਵਿੱਚ ਪਹੁੰਚੀਆਂ ਸਾਰੀਆਂ ਸ਼ਖਸ਼ੀਅਤਾਂ ਦਾ ਧੰਨਵਾਦ ਕੀਤਾ। ਸੰਗਤਾਂ ਦੇ ਛਕਣ ਲਈ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

# ਪਿੰਡ ਮੰਢਾਲੀ ਵਿਖੇ 15 ਮਾਰਚ ਦੀ ਤਿਆਰੀ ਲਈ ਬਸਪਾ ਦੀ ਬਹੁਤ ਹੀ ਭਰਵੀਂ ਮੀਟਿੰਗ ਹੋਈ : ਪ੍ਰਵੀਨ ਬੰਗਾ , ਚਰਨਜੀਤ ਮੰਢਾਲੀ



**ਬੰਗਾ (ਚਰਨਜੀਤ ਸੱਲ੍ਹਾਂ )** ਪਿੰਡ ਮੰਢਾਲੀ ਵਿਖੇ 15 ਮਾਰਚ ਦੀ ਤਿਆਰੀ ਲਈ ਆਖਰੀ ਛੋਹਾਂ ਦੇਣ ਲਈ ਬਹੁਜਨ ਸਮਾਜ ਪਾਰਟੀ ਨੇ ਬਹੁਤ ਹੀ ਭਰਵੀਂ ਮੀਟਿੰਗ ਕੀਤੀ ਜਿਸ ਵਿੱਚ ਪ੍ਰਵੀਨ ਬੰਗਾ ਨੇ ਬੰਗਾ ਹਲਕੇ ਨੂੰ ਬਹੁਤ ਹੀ ਭਾਗਾਂ ਭਰਿਆ ਦੱਸਿਆ ਕਿਉਂਕਿ ਬੰਗਾ ਹਲਕੇ ਦੇ ਪਿੰਡ ਬਹਿਰਾਮ ਦੀ ਦਾਣਾ ਮੰਡੀ ਵਿੱਚ ਬਸਪਾ ਵੱਲੋਂ ਪੰਜਾਬ ਪੱਧਰ ਦੀ ਰੈਲੀ ਸੱਤਾ ਪ੍ਰਾਪਤ ਕਰੋ ਰੱਖੀ ਗਈ ਹੈ ਇਸ ਕਰਕੇ ਆਪਣੇ ਪਿੰਡਾਂ ਵਿੱਚੋਂ ਦੋ -ਦੋ ਗੱਡੀਆਂ ਭਰਕੇ ਜਾਣੀਆਂ ਚਾਹੀਦੀਆਂ ਹਨ। ਚਰਨਜੀਤ ਮੰਢਾਲੀ ਜਨਰਲ ਸਕੱਤਰ ਬਸਪਾ ਬੰਗਾ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਗੱਡੀਆਂ ਭਰ ਕੇ ਹੀ ਜਾਣਗੀਆਂ ਕਿਉਂਕਿ ਕਿ ਇਹ ਪਿੰਡ ਹੀ ਮਿਸ਼ਨਰੀਆਂ ਦਾ ਹੈ। ਇਸ ਮੀਟਿੰਗ ਵਿੱਚ ਪ੍ਰਵੀਨ ਬੰਗਾ ਜਨਰਲ ਸੈਕਟਰੀ ਬਸਪਾ ਪੰਜਾਬ, ਠੇਕੇਦਾਰ ਚਰਨਜੀਤ ਮੰਢਾਲੀ ਜਨਰਲ ਸਕੱਤਰ ਹਲਕਾ ਬੰਗਾ,ਇੰਜ ਮਲਕੀਤ ਮੰਢਾਲੀ ਮੁਲਾਜ਼ਮ ਆਗੂ, ਮੋਹਿੰਦਰ ਬੈਂਸ, ਕੁਲਵਿੰਦਰ ਗੌਰਾ, ਪ੍ਰੇਮ ਕੁਮਾਰ ਮੰਢਾਲੀ,ਨਵੀਨ ਕੁਮਾਰ, ਹਰਜਿੰਦਰ ਸਿੰਘ ਜੰਡਿਆਲੀ ਸਾਬਕਾ ਸੰਮਤੀ ਮੈਂਬਰ, ਨਰਿੰਦਰ ਜੰਡਿਆਲੀ, ਸਤਨਾਮ ਸ਼ਾਮਾਂ, ਕਮਲਜੀਤ ਚੰਦੜ੍ਹ, ਪਰਮਜੀਤ ਭੱਟੀ, ਬਾਲੀ ਰਾਮ, ਕਮਲਜੀਤ ਬੈਂਸ, ਦੀਪਕ ਬੈਂਸ, ਚਰਨਜੀਤ ਮਹਿੰਮੀ, ਬਲਵੀਰ ਮਹਿੰਮੀ, ਹਰਜਿੰਦਰ ਬੈਂਸ ਹਾਜ਼ਰ ਸਨ।

# 15 ਮਾਰਚ 2026 ਨੂੰ ਬਸਪਾ ਰੈਲੀ ਕਰਕੇ ਸਾਰੀਆਂ ਪਾਰਟੀਆਂ ਦਾ ਭਾਂਡਾ ਭੰਨਿਆ ਜਾਵੇਗਾ -ਕਰੀਮਪੁਰੀ





ਫਗਵਾੜਾ( **ਚਰਨਜੀਤ ਸੱਲ੍ਹਾਂ** ) ਦਾਣਾ ਮੰਡੀ ਬਹਿਰਾਮ ਵਿਖੇ ਬਸਪਾ ਵੱਲੋਂ ਪੰਜਾਬ ਸੰਭਾਲੋ ਮਹਿਮ ਤਹਿਤ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਕੀਤੀ ਜਾ ਰਹੀ ਸੱਤਾ ਪ੍ਰਾਪਤ ਕਰੋ ਰੈਲੀ ਦੀਆਂ ਤਿਆਰੀਆਂ ਲਈ ਫਗਵਾੜਾ ਪਲਾਹੀ ਗੇਟ ਵਿਖੇ ਹੋਈ ਮੀਟਿੰਗ ਵੱਡੀ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਅਵਤਾਰ ਸਿੰਘ ਕਰੀਮਪੁਰੀ ਨੇ ਦਿੱਤਾ। ਉਨ੍ਹਾਂ ਕਿਹਾ ਕਿ ਸਾਰੀਆਂ ਮਨੂਵਾਦੀ ਪਾਰਟੀਆਂ ਦਾ ਭਾਂਡਾ 15 ਮਾਰਚ ਦਿਨ ਐਤਵਾਰ ਵੱਡੀ ਰੈਲੀ ਕਰਕੇ ਭੰਨਾਗੇ ਇਨ੍ਹਾਂ ਸਾਰੀਆਂ ਪਾਰਟੀਆਂ ਕਾਂਗਰਸ, ਭਾਜਪਾ, ਆਪ ਅਤੇ ਅਕਾਲੀ ਦਲ ਨੇ ਪੰਜਾਬ ਦੇ ਲਈ ਕੀ ਕੀਤਾ ਬੱਸ ਆਪਣਾਂ ਆਪਣਾ ਢਿੱਡ ਭਰਿਆ ।ਇਸ ਮੌਕੇ ਪਾਰਟੀ ਦੇ ਸਟੇਟ ਜਨਰਲ ਸੈਕਟਰੀ ਸ਼੍ਰੀ ਹਰਭਜਨ ਸਿੰਘ ਬਲਾਲੋ , ਸੀਨੀਅਰ ਡਿਪਟੀ ਮੇਅਰ ਤੇਜਪਾਲ ਬਸਰਾ, ਪਾਰਟੀ ਦੀ ਕੌਂਸਲਰ ਬੀਬੀ ਅਮਨਦੀਪ ਕੌਰ ਤੋਂ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਵਰਕਰ ਸਮਰਥਕ ਵੱਡੀ ਗਿਣਤੀ ਵਿੱਚ ਮੌਜੂਦ ਸਨ ਸਾਰਿਆਂ ਨੇ ਵੱਡੀ ਗਿਣਤੀ ਵਿੱਚ 15 ਨੂੰ ਬਹਿਰਾਮ ਪਹੁੰਚਣ ਦਾ ਫੈਸਲਾ ਕੀਤਾ।

# ਹਾਈਪੋਵੋਲੈਮਿਲਕ ਸ਼ਾਕ ਕਾਰਨ ਮੌਤ ਦੇ ਮੂੰਹ 'ਚ ਗਏ 47 ਸਾਲਾਂ ਮਰੀਜ਼ ਨੂੰ ਢਾਹਾਂ ਕਲੇਰਾਂ ਹਸਪਤਾਲ ਵਿਖੇ ਮਿਲਿਆ ਜੀਵਨ ਵਰਦਾਨ



**ਤੰਦਰੁਸਤ ਹੋਏ ਮਰੀਜ਼ ਨਾਲ ਡਾ. ਵਿਵੇਕ ਗੁੰਬਰ ਤੇ ਹਸਪਤਾਲ ਸਟਾਫ।**

**ਬੰਗਾ (ਚਰਨਜੀਤ ਸ ੱਲ੍ਹਾਂ)** ਪਿਛਲੇ ਚਾਰ ਦਹਾਕਿਆਂ ਤੋਂ ਮਿਆਰੀ ਸਿਹਤ ਸਹੂਲਤਾਂ ਲਈ ਜਾਣੀ ਜਾਂਦੀ ਦੁਆਬਾ ਖੇਤਰ ਦੀ ਮੋਹਰੀ ਸਿਹਤ ਸੰਸਥਾ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇਨਟਰਨਲ ਮੈਡੀਸਨ ਵਿਭਾਗ ਦੇ ਮੁਖੀ ਡਾ. ਵਿਵੇਕ ਗੁੰਬਰ ਅਤੇ ਉਨ੍ਹਾਂ ਦੀ ਸਪਰਪਿਤ ਟੀਮ ਨੇ ਪਿਛਲੇ ਦਿਨਾਂ ਦੌਰਾਨ ਹਾਈਪੋਵੋਲੈਮਿਕ ਸ਼ਾਕ (ਬਲੱਡ ਪ੍ਰੈਸ਼ਰ ਰਿਕਾਰਡ ਨਾ ਹੋਣਾ) ਕਾਰਨ ਮੌਤ ਦੇ ਮੂੰਹ ਵਿਚ ਗਏ 47 ਸਾਲਾਂ ਉਮਰ ਦੇ ਵਿਅਕਤੀ ਦਾ ਸਫ਼ਲ ਇਲਾਜ ਕਰਕੇ ਉਸ ਨੂੰ ਮੌਤ ਦੇ ਮੂੰਹ 'ਚੋਂ ਬਾਹਰ ਕੱਢਣ ਵਿੱਚ ਕਾਮਯਾਬ ਰਹੀ ਹੈ। ਡਾ. ਵਿਵੇਕ ਗੁੰਬਰ ਨੇ ਜਾਣਕਾਰੀ ਸਾਂਝੀ ਕਰਦੇ ਦੱਸਿਆ ਕਿ ਉਕਤ ਮਰੀਜ਼ ਬੇਹੱਦ ਮਾੜੀ ਸਥਿਤੀ ਵਿੱਚ ਕਈ ਹਸਪਤਾਲਾਂ ਦੇ ਚੱਕਰ ਲਗਾ ਕੇ ਢਾਹਾਂ ਕਲੇਰਾਂ ਹਸਪਤਾਲ ਵਿਖੇ ਉਸਦੇ ਪਰਿਵਾਰ ਵੱਲੋਂ ਲਿਆਂਦਾ ਗਿਆ ਸੀ। ਮੁੱਢਲੀ ਜਾਂਚ ਦੌਰਾਨ ਕਰਵਾਏ ਜ਼ਰੂਰੀ ਟੈਸਟਾਂ ਨੇ ਕਰੌਨਿਕ ਅਲਕੋਹਲਿਜ਼ਮ ਬਿਮਾਰੀ ਦੀ ਪੁਸ਼ਟੀ ਕੀਤੀ। ਇਸ ਕਰਕੇ ਮਰੀਜ਼ ਅਲਕੋਹਲ ਦੇ ਪਏ ਬੁਰੇ ਪ੍ਰਭਾਵਾਂ ਕਾਰਨ ਪੈਦਾ ਹੋਈਆਂ ਅਲਾਮਤਾਂ ਤੋਂ ਵੀ ਪੀੜ੍ਹਤ ਸੀ। ਮਰੀਜ਼ ਨੂੰ ਐਮਰਜੈਂਸੀ ਵਿਭਾਗ ਵਿੱਚ ਫ਼ਸਟ ਏਡ ਦੇਣ ਉਪਰੰਤ ਉਸ ਦੀ ਨਾਜ਼ੁਕ ਹਾਲਤ ਹੋਣ ਕਰਕੇ ਫ਼ੌਰੀ ਤੌਰ 'ਤੇ ਆਈ.ਸੀ.ਯੂ. ਵਿਭਾਗ ਵਿੱਚ ਭਰਤੀ ਕਰਕੇ ਤੇ ਵਿਸ਼ੇਸ਼ ਦਵਾਈਆਂ ਅਤੇ ਆਧੁਨਿਕ ਲਾਈਫ ਸੇਵਿੰਗ ਯੰਤਰਾਂ ਨਾਲ ਇਲਾਜ ਸ਼ੁਰੂ ਕੀਤਾ ਗਿਆ । ਡਾ. ਵਿਵੇਕ ਗੁੰਬਰ ਦੀ ਦਿਨ-ਰਾਤ ਦੀ ਮਿਹਨਤ ਰੰਗ ਲਿਆਈ ਸੱਤ ਦਿਨ ਆਈ.ਸੀ.ਯੂ. ਅਤੇ ਤਿੰਨ ਦਿਨ ਐਚ.ਡੀ.ਯੂ. ਵਾਰਡ ਵਿੱਚ ਇਲਾਜ ਤੋਂ ਬਾਅਦ ਉਹ ਮਰੀਜ਼ ਹੁਣ ਤੰਦਰੁਸਤ ਹੈ। ਇਸ ਮੌਕੇ ਮਰੀਜ਼ ਦੇ ਪਰਿਵਾਰਜਨਾਂ ਨੇ ਮੈਡੀਕਲ ਸਪੈਸ਼ਲਿਸਟ ਡਾ. ਵਿਵੇਕ ਗੁੰਬਰ, ਮੈਡੀਕਲ ਅਫ਼ਸਰਾਂ, ਨਰਸਿੰਗ ਸਟਾਫ ਦਾ ਹਾਰਦਿਕ ਧੰਨਵਾਦ ਕੀਤਾ। ਉਨ੍ਹਾਂ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਦਾ ਵੀ ਮਿਆਰੀ ਇਲਾਜ ਕਰਨ ਲਈ ਡਾਕਟਰੀ ਟੀਮਾਂ ਦੀ ਯੋਗ ਰਹਿਨੁਮਾਈ ਕਰਨ ਲਈ ਤਹਿਦਿਲੋਂ ਧੰਨਵਾਦ ਕੀਤਾ । ਕਾਬਿਲੇਗੌਰ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਇੱਕ ਛੱਤ ਹੇਠਾਂ ਸਾਰੇ ਡਾਕਟਰੀ ਵਿਭਾਗ ਮੌਜੂਦ ਹਨ ਜਿਨ੍ਹਾਂ ਦੇ ਮਾਹਿਰ ਡਾਕਟਰ ਸਾਹਿਬਾਨਾਂ ਵੱਲੋਂ ਮਰੀਜ਼ਾਂ ਦਾ ਮਿਆਰੀ ਇਲਾਜ ਹੋ ਰਿਹਾ ਹੈ ।

# ਸਰਕਾਰ ਮਨਰੇਗਾ ਮਜ਼ਦੂਰਾਂ ਦੇ ਕੀਤੇ ਕੰਮ ਦੇ ਪੈਸੇ ਜਾਰੀ ਕਰੇ : ਗੋਲਡੀ ਪਰਖਾਲੀ



**ਰੋਪੜ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜ਼ਿਲ੍ਹਾ ਰੋਪੜ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਗੋਲਡੀ ਪਰਖਾਲੀ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਮਨਰੇਗਾ ਮਜ਼ਦੂਰਾਂ ਨਾਲ ਸ਼ਰੇਆਮ ਧੱਕਾ ਕਰ ਰਹੀ ਹੈ ।ਪਿਛਲੇ ਕਈ ਮਹੀਨਿਆਂ ਤੋਂ ਮਜ਼ਦੂਰਾਂ ਵਲੋਂ ਕੀਤੇ ਕੰਮ ਦੀ ਬਕਾਇਆ ਰਾਸ਼ੀ ਖੜੀ ਹੈ ਮੋਦੀ ਸਰਕਾਰ ਵੱਲੋਂ ਮਨਰੇਗਾ ਮਜ਼ਦੂਰਾਂ ਤੋਂ ਕੰਮ ਕਰਵਾਇਆ ਗਿਆ ਪ੍ਰੰਤੂ ਕੀਤੇ ਕੰਮ ਦੇ ਪੈਸੇ ਜਾਰੀ ਨਹੀਂ ਦਿੱਤੇ ਜਾ ਰਹੇ ਬੇਸ਼ੱਕ ਸਰਕਾਰ ਨੇ ਨਾਮ ਬਦਲ ਦਿੱਤਾ ਪਰ ਸਰਕਾਰ ਮਨਰੇਗਾ ਮਜ਼ਦੂਰਾਂ ਦੇ ਪੈਸੇ ਤੁਰੰਤ ਜਾਰੀ ਕਰੇ ਤਾਂ ਜੋ ਗਰੀਬ ਲੋਕ ਆਪਣੇ ਘਰਾਂ ਦਾ ਗੁਜ਼ਾਰਾ ਅਤੇ ਬੱਚਿਆਂ ਦੀ ਪੜ੍ਹਾਈ ਕਰਵਾ ਸਕਣ ਇਸ ਮੌਕੇ ਉਨ੍ਹਾਂ ਨਾਲ ਸੁਖਵਿੰਦਰ ਸਿੰਘ ਸੁੱਖਾ ਸੰਜੇ ਕੁਮਾਰ ਜਰਨੈਲ ਸਿੰਘ ਬਲਵੰਤ ਸਿੰਘ ਬਲਦੇਵ ਸਿੰਘ ਸੁਖਦੇਵ ਸਿੰਘ ਮਨਦੀਪ ਸਿੰਘ ਬਲਵੀਰ ਸਿੰਘ ਵਰਿੰਦਰ ਸਿੰਘ ਆਦਿ ਹਾਜ਼ਰ ਸਨ।

# ਸਰਵਸੰਮਤੀ ਨਾਲ ਸੇਵਾਮੁਕਤ ਕਰਮਚਾਰੀ ਯੂਨੀਅਨ ਦੀ ਨਵੀਂ ਕਮੇਟੀ ਚੁਣੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸੇਵਾ ਮੁਕਤ ਕਰਮਚਾਰੀ ਯੂਨੀਅਨ ਦੀ ਮਹੀਨਾਵਾਰ ਮੀਟਿੰਗ ਨਗਰ ਨਿਗਮ ਹੁਸ਼ਿਆਰਪੁਰ ਦੇ ਮੀਟਿੰਗ ਹਾਲ ਵਿਚ ਲਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿਚ ਵੱਧ ਚੜ ਕੇ ਸੇਵਾ ਮੁਕਤ ਕਰਮਚਾਰੀਆਂ ਨੇ ਹਿੱਸਾ ਲਿਆ। ਇਸ ਮੀਟਿੰਗ ਦੀ ਕਾਰਵਾਈ ਸੰਜੀਵ ਅਰੋੜਾ ਸਰਪ੍ਰਸਤ ਵਲੋਂ ਕੀਤੀ ਗਈ। ਇਸ ਮੀਟਿੰਗ ਵਿਚ ਸ੍ਰਪਸਤ ਸੰਜੀਵ ਅਰੋੜਾ ਵਲੋਂ ਯੂਨੀਅਨ ਦਾ ਸਮਾਂ ਪੂਰਾ ਹੋਣ ਕਾਰਨ ਪਹਿਲਾਂ ਯੂਨੀਅਨ ਭੰਗ ਕੀਤੀ ਗਈ, ਪਿੱਛਲੇ ਸਾਲ ਦਾ ਸਾਰਾ ਖਰਚਾ ਅਤੇ ਕੀਤੇ ਕੰਮਾਂ ਤੇ ਚਰਚਾ ਕਰਕੇ ਨਵੀਂ ਚੋਣ ਬਾਰੇ ਮਤਾ ਲਿਆਂਦਾ ਗਿਆ, ਜਿਸ ਵਿਚ ਸਰਵਸੰਮਤੀ ਨਾਲ ਯੂਨੀਅਨ ਦੀ ਚੋਣ ਹੋਈ। ਪ੍ਰਧਾਨ ਲਾਲ ਸਿੰਘ, ਵਾਈਸ ਪ੍ਰਧਾਨ ਜੋਗਿੰਦਰ ਆਦੀਆ, ਜਨਰਲ ਸਕੱਤਰ ਅਸ਼ਵਨੀ ਸ਼ਰਮਾ, ਆਫਿਸ ਸਕੱਤਰ ਬਲਵਿੰਦਰ ਸਿੰਘ, ਪ੍ਰੋਪੇਗੰਡਾ ਸੈਕਟਰੀ ਨਰੇਸ਼ ਕੁਮਾਰ, ਡਿਪਟੀ ਜਨਰਲ ਸਕੱਤਰ ਸੰਜੀਵ ਥਾਪਰ, ਅਸ਼ਵਨੀ ਸ਼ਰਮਾ ਜੇ.ਈ. ਕੈਸ਼ੀਅਰ, ਦਰਸ਼ਨ ਸਿੰਘ ਜੁਆਇੰਟ ਕੈਸ਼ੀਅਰ, ਸੰਜੀਵ ਅਰੋੜਾ ਸ੍ਰਪਸਤ ਅਤੇ ਕੁਲਵੰਤ ਸਿੰਘ ਸੈਣੀ ਨੂੰ ਚੇਅਰਮੈਨ ਚੁਣਿਆ। ਇਸ ਮੀਟਿੰਗ ਵਿਚ ਚੇਅਰਮੈਨ ਕੁਲਵੰਤ ਸਿੰਘ ਸੈਣੀ ਵਲੋਂ ਤਿਵਾੜੀ ਸਾਹਿਬ ਦਾ ਸੇਵਾ ਮੁਕਤ ਹੋਣ ਕਾਰਨ ਯੂਨੀਅਨ ਦਾ ਲੀਗਲ ਅਡਵਾਈਜਰ ਲਗਾਇਆ ਗਿਆ। ਜਿਸ ਵਿਚ ਸਾਰੇ ਸੇਵਾ ਮੁਕਤ ਕਰਮਚਾਰੀਆਂ ਵਲੋਂ ਤਾੜੀਆਂ ਦੀ ਗੂੰਜ ਵਿਚ ਸਮੱਰਥਨ ਦਿੱਤਾ। ਇਸ ਮੀਟਿੰਗ ਵਿਚ ਕੇਵਲ ਲਾਲ ਹੀਰ, ਦਸ਼ਰਤ ਲਾਲ, ਅਸ਼ੋਕ ਕੁਮਾਰ, ਰਾਮ ਕੁਮਾਰ, ਰਵਿੰਦਰ ਕਾਕਾ, ਨਰੇਸ਼ ਕੁਮਾਰ ਡਰਾਈਵਰ, ਜੋਗਿੰਦਰ ਪਾਲ ਆਦੀਆ, ਹਰੀਸ਼ ਕੁਮਾਰ ਜੇ.ਈ, ਨਛੱਤਰ ਲਾਲ, ਤਰਲੋਚਨ ਸਿੰਘ, ਵਿਨੋਦ ਕੁਮਾਰ ਐਸ.ਐਫ.ਓ, ਦਰਸ਼ਨ ਸਿੰਘ, ਰਮੇਸ਼ ਕੁਮਾਰ ਫਾਇਰਮੈਨ, ਸੰਜੀਵ ਕੁਮਾਰ ਸੈਨਟਰੀ ਇੰਸਪੈਕਟਰ, ਬਲਵਿੰਦਰ ਸਿੰਘ, ਸੁਰਜੀਤ ਸਿੰਘ, ਨਰੇਸ਼ ਕੁਮਾਰ, ਵਿਜੇ ਕੁਮਾਰ, ਹਰਜਿੰਦਰ ਸਿੰਘ, ਸੀਤਾ ਰਾਮ, ਮਦਨ ਲਾਲ, ਸੁਰਜੀਤ ਬਹਿਲ, ਸੁਰਿੰਦਰ ਕੁਮਾਰ, ਅਵਤਾਰ ਸਿੰਘ, ਏ.ਡੀ.ਐਫ.ਓ, ਅਸ਼ਵਨੀ ਐਸ.ਡੀ.ਓ ਆਦਿ ਸ਼ਾਮਿਲ ਸਨ।

# ਵਤਨ ਪਰਤਣ 'ਤੇ ਲੇਖਕ ਸੁਰਜੀਤ ਮਜਾਰੀ ਦਾ ਸਵਾਗਤ, ਪ੍ਰਵਾਸ ਅਤੇ ਜਨਮ ਭੂਮੀ ਵਿਚਕਾਰ ਸਾਂਝ ਦੀਆਂ ਭਾਵਨਾਵਾਂ ਪ੍ਰਗਟਾਈਆਂ



**ਪਿੰਡ ਮਜਾਰੀ ਵਿਖੇ ਲੇਖਕ ਸੁਰਜੀਤ ਮਜਾਰੀ ਅਤੇ ਪੰਜਾਬੀ ਲੈਕਚਰਾਰ ਰਾਜ ਰਾਣੀ ਦਾ ਸਵਾਗਤ ਕਰਨ ਸਮੇਂ ਲੇਖਕ ਭਾਈਚਾਰਾ।**

**ਬੰਗਾ, 13 ਮਾਰਚ ( ਚਰਨਜੀਤ ਸੱਲ੍ਹਾਂ )** ਕੈਨੇਡਾ ਤੋਂ ਵਤਨ ਪਰਤਣ 'ਤੇ ਲੇਖਕ ਸੁਰਜੀਤ ਮਜਾਰੀ ਦਾ ਲੇਖਕ ਭਾਈਚਾਰੇ ਵਲੋਂ ਉਹਨਾਂ ਦੇ ਪਿੰਡ ਮਜਾਰੀ ਵਿਖੇ ਨਿੱਘਾ ਸਵਾਗਤ ਕੀਤਾ ਗਿਆ। ਨਵਜੋਤ ਸਾਹਿਤ ਸੰਸਥਾ ਔੜ ਦੇ ਬੈਨਰ ਹੇਠ ਉਹਨਾਂ ਦੇ ਘਰ ਪੁੱਜੇ ਲੇਖਕਾਂ ਵਲੋਂ ਸਵਾਗਤ ਵਜੋਂ ਹਾਰ ਪਹਿਨਾਏ ਗਏ। ਇਸ ਮੌਕੇ ਸੰਸਥਾ ਦੇ ਪ੍ਰਧਾਨ ਦਵਿੰਦਰ ਸਕੋਹਪੁਰੀ ਨੇ ਜੀ ਆਇਆਂ ਆਖਦਿਆਂ ਕਿਹਾ ਕਿ ਸੁਰਜੀਤ ਮਜਾਰੀ ਦੀ ਇਹ ਵਿਦੇਸ਼ ਯਾਤਰਾ ਨਾਲ ਜੁੜੀਆਂ ਪ੍ਰਤੀਕਿਰਿਆਵਾਂ ਦਾ ਰੰਗ ਉਹਨਾਂ ਦੀਆਂ ਰਚਨਾਵਾਂ 'ਚ ਵੀ ਦੇਖਣ ਨੂੰ ਮਿਲੇਗਾ। ਇਸ ਮੌਕੇ ਉਹਨਾਂ ਦੇ ਜੀਵਨ ਸਾਥੀ ਪੰਜਾਬੀ ਲੈਕਚਰਾਰ ਰਾਜ ਰਾਣੀ ਦਾ ਵੀ ਸਵਾਗਤ ਕੀਤਾ ਗਿਆ।

ਸੁਰਜੀਤ ਮਜਾਰੀ ਨੇ ਆਪਣੇ ਵਿਚਾਰਾਂ ਰਾਹੀਂ ਜਿੱਥੇ ਪ੍ਰਵਾਸ ਅਤੇ ਜਨਮ ਭੂਮੀ ਵਿਚਕਾਰ ਸਾਂਝ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਉੱਥੇ ਪੜ੍ਹਾਈ/ਰੁਜ਼ਗਾਰ ਲਈ ਵਿਦੇਸ਼ ਗਈ ਔਲਾਦ ਅਤੇ ਵਤਨ ਰਹਿ ਰਹੇ ਮਾਪਿਆਂ ਵਿਚਕਾਰ ਮਿਲਾਪ ਸਬੰਧੀ ਪੱਖ ਰੱਖਿਆ। ਉਹਨਾਂ ਲੇਖਕ ਭਾਈਚਾਰੇ ਅਤੇ ਸੰਸਥਾ ਵਲੋਂ ਦਿੱਤੇ ਮਾਣ ਸਨਮਾਨ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਸੰਸਥਾ ਦੀਆਂ ਸਰਗਰਮੀਆਂ ਅਤੇ ਸਮਾਜਿਕ ਖੇਤਰ ਵਿੱਚ ਸੇਵਾਵਾਂ ਨੂੰ ਪਹਿਲਾਂ ਵਾਂਗ ਸਮਰਪਿਤ ਰਹਿਣਗੇ।

ਇਸ ਮੌਕੇ ਮਾਸਿਕ ਅਦਬੀ ਮਹਿਕ ਦੇ ਸੰਪਾਦਕ ਸਤਪਾਲ ਸਾਹਲੋਂ, ਨਾਮਵਰ ਸਾਇਰਾ ਰਜਨੀ ਸ਼ਰਮਾ, ਸਾਬਕਾ ਪ੍ਰਧਾਨ ਗੁਰਨੇਕ ਸ਼ੇਰ, ਜਨਰਲ ਸਕੱਤਰ ਡਾ. ਕੇਵਲ ਰਾਮ ਨਵਾਂ ਸ਼ਹਿਰ, ਦੇਸ ਰਾਜ ਬਾਲੀ, ਸੁੱਚਾ ਰਾਮ ਜਾਡਲਾ, ਪ੍ਰਿੰਸੀਪਲ ਰਾਮ ਨਾਥ ਕਟਾਰੀਆ, ਲੰਬੜਦਾਰ ਲੀਲਾ ਦੇਵੀ ਮੱਲ੍ਹਪੋਤਾ, ਵਿਨੈ ਸ਼ਰਮਾ, ਹਰੀ ਕ੍ਰਿਸ਼ਨ ਪਟਵਾਰੀ ਆਦਿ ਸ਼ਾਮਲ ਸਨ।

# ਸਰਕਾਰੀ ਕਾਲਜ, ਹੁਸ਼ਿਆਰਪੁਰ ਵਿੱਚ ਉਤਸ਼ਾਹਪੂਰਨ ਸਟਾਰਟ-ਅਪ ਕਾਰਨੀਵਲ ਦਾ ਆਯੋਜਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਕਾਲਜ ਵਿੱਚ ਰਚਨਾਤਮਕਤਾ, ਉਤਸ਼ਾਹ ਅਤੇ ਉਦਯੋਗਸ਼ੀਲਤਾ ਨਾਲ ਭਰਪੂਰ ਮਾਹੌਲ ਦੇ ਦਰਮਿਆਨ ਕਾਲਜ ਦੇ ਐਂਟਰਪ੍ਰਿਨਿਊਰਸ਼ਿਪ ਸੈੱਲ ਵੱਲੋਂ ਕਾਲਜ ਕੈਂਪਸ ਵਿੱਚ ਇੱਕ ਉਤਸ਼ਾਹਪੂਰਨ "ਸਟਾਰਟ-ਅਪ ਕਾਰਨੀਵਲ" ਦਾ ਆਯੋਜਨ ਕੀਤਾ ਗਿਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਵਿੱਚ ਉਦਯੋਗਸ਼ੀਲ ਸੋਚ, ਨਵਚੇਤਨਾ ਅਤੇ ਆਤਮਨਿਰਭਰਤਾ ਨੂੰ ਉਤਸ਼ਾਹਿਤ ਕਰਨਾ ਸੀ, ਤਾਂ ਜੋ ਉਨ੍ਹਾਂ ਨੂੰ ਆਪਣੇ ਕਾਰੋਬਾਰੀ ਵਿਚਾਰਾਂ ਅਤੇ ਪ੍ਰਯੋਗਿਕ ਹੁਨਰਾਂ ਨੂੰ ਪੇਸ਼ ਕਰਨ ਲਈ ਇੱਕ ਸਰਗਰਮ ਮੰਚ ਪ੍ਰਾਪਤ ਹੋ ਸਕੇ। ਕਾਰਨੀਵਲ ਦਾ ਉਦਘਾਟਨ ਪ੍ਰਿੰਸੀਪਲ ਪ੍ਰੋ. (ਡਾ.) ਗਗਨਦੀਪ ਚੀਮਾ ਵੱਲੋਂ ਰਿਬਨ ਕੱਟ ਕੇ ਕੀਤਾ ਗਿਆ। ਇਸ ਸਮਾਗਮ ਵਿੱਚ ਵੱਖ-ਵੱਖ ਕਿਸਮ ਦੇ ਸਟਾਲਾਂ ਦਾ ਪ੍ਰਦਰਸ਼ਨ ਕੀਤਾ ਗਿਆ, ਜਿਨ੍ਹਾਂ ਵਿੱਚ ਹੱਥ ਨਾਲ ਬਣੇ ਫੈਸ਼ਨ ਆਈਟਮ, ਸਜਾਵਟੀ ਵਸਤਾਂ, ਹੱਥ ਨਾਲ ਬਣੇ ਗਹਿਣੇ, ਪੇਂਟਿੰਗਾਂ, ਹੱਥ ਦੀ ਕਢਾਈ ਵਾਲੇ ਉਤਪਾਦ ਅਤੇ ਕਰੋਸ਼ੀਆ ਨਾਲ ਬਣਿਆ ਸਾਮਾਨ ਸ਼ਾਮਲ ਸਨ, ਜੋ ਵਿਦਿਆਰਥੀਆਂ



ਦੀ ਰਚਨਾਤਮਕਤਾ ਅਤੇ ਹੁਨਰਮੰਦੀ ਨੂੰ ਦਰਸਾਉਂਦੇ ਸਨ। ਖਾਣ-ਪੀਣ ਦੇ ਸਟਾਲ ਵੀ ਖਾਸ ਆਕਰਸ਼ਣ ਦਾ ਕੇਂਦਰ ਰਹੇ, ਜਿੱਥੇ ਰਵਾਇਤੀ ਸਨੈਕਸ, ਬੇਕਰੀ ਆਈਟਮ, ਖਾਣ-ਪੀਣ ਦੇ ਪਦਾਰਥ ਅਤੇ ਘਰੇਲੂ ਤਿਆਰ ਕੀਤੀਆਂ ਵਸਤਾਂ ਦੀ ਵਰਾਇਟੀ ਉਪਲਬਧ ਸੀ। ਇਸ ਤੋਂ ਇਲਾਵਾ ਕਈ ਖੇਡਾਂ ਅਤੇ ਮਨੋਰੰਜਨ ਗਤੀਵਿਧੀਆਂ ਵਾਲੇ ਸਟਾਲਾਂ ਨੇ ਵੀ ਦਰਸ਼ਕਾਂ ਨੂੰ ਖਿੱਚਿਆ ਅਤੇ ਸਮਾਗਮ ਦੇ ਮਾਹੌਲ ਨੂੰ ਹੋਰ ਵੀ ਜੀਵੰਤ ਬਣਾਇਆ। ਵਿਦਿਆਰਥੀਆਂ ਨੇ ਆਪਣੇ ਉਤਪਾਦਾਂ ਦੀ ਵਿਕਰੀ ਰਾਹੀਂ ਮੁਨਾਫ਼ਾ ਵੀ ਕਮਾਇਆ ਅਤੇ ਉਦਯੋਗਸ਼ੀਲਤਾ ਨਾਲ ਜੁੜੇ ਤਜਰਬੇ ਨੂੰ ਨਜ਼ਦੀਕ ਤੋਂ ਮਹਿਸੂਸ ਕੀਤਾ। ਇਸ ਪਹਿਲ ਰਾਹੀਂ ਵਿਦਿਆਰਥੀਆਂ ਨੂੰ ਪ੍ਰਯੋਗਿਕ ਉੱਦਮਸ਼ੀਲ ਅਨੁਭਵ ਪ੍ਰਾਪਤ ਹੋਇਆ। ਉਨ੍ਹਾਂ ਨੇ ਉਤਪਾਦ ਡਿਜ਼ਾਈਨ, ਕੀਮਤ ਨਿਰਧਾਰਣ, ਮਾਰਕੀਟਿੰਗ, ਗਾਹਕਾਂ ਨਾਲ ਸੰਚਾਰ, ਟੀਮ ਵਰਕ ਅਤੇ ਬਜਟ ਬਣਾਉਣ ਵਰਗੀਆਂ ਪ੍ਰਯੋਗਿਕ ਕੌਸ਼ਲਤਾਵਾਂ ਸਿੱਖੀਆਂ ਅਤੇ ਅਸਲ ਵਪਾਰਕ ਪ੍ਰਕਿਰਿਆਵਾਂ ਨਾਲ ਜਾਣ-ਪਛਾਣ ਬਣਾਈ।

# ਸੈਸਜ਼ 2027 ਸਬੰਧੀ ਜ਼ਿਲ੍ਹੇ ਦੇ ਅਫ਼ਸਰ ਅਤੇ ਟੈਕਨੀਕਲ ਅਸਿਸਟੈਂਟ ਦੀ ਕਰਵਾਈ ਟ੍ਰੇਨਿੰਗ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੈਸਜ਼ 2027 ਸਬੰਧੀ ਜ਼ਿਲ੍ਹੇ ਦੇ ਸਮੂਹ ਅਫ਼ਸਰਾਂ/ਚਾਰਜ ਅਫਸਰਾਂ ਅਤੇ ਟੈਕਨੀਕਲ ਅਸਿਸਟੈਂਟ ਦੀ ਦੋ ਰੋਜ਼ਾ ਟ੍ਰੇਨਿੰਗ 11 ਤੋਂ 12 ਮਾਰਚ ਤੱਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਨਵਾਂਸ਼ਹਿਰ ਦੇ ਮੀਟਿੰਗ ਹਾਲ ਵਿਖੇ ਕਰਵਾਈ ਗਈ। ਇਹ ਟ੍ਰੇਨਿੰਗ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਸਜ਼ ਅਫਸਰ ਗੁਲਪ੍ਰੀਤ ਸਿੰਘ ਔਲਖ ਅਤੇ ਵਧੀਕ ਡਿਪਟੀ ਕਮਿਸ਼ਨਰ (ਜ)-ਕਮ- ਜਿਲ੍ਹਾ ਸੈਸਜ਼ ਅਫਸਰ ਬਲਬੀਰ ਰਾਜ ਸਿੰਘ ਦੀ ਅਗਵਾਈ ਵਿੱਚ ਕਰਵਾਈ ਗਈ। ਡਾਇਰੈਕਟਰ ਸੈਂਸਜ਼ ਓਪਰੇਸ਼ਨ ਚੰਡੀਗੜ੍ਹ ਤੋਂ ਆਏ ਡਿਪਟੀ ਡਾਇਰੈਕਟਰ ਅਮਿਤ ਕੁਮਾਰ ਭਾਰਗਵ ਅਤੇ ਵਿਕਾਸ ਕੁਮਾਰ(ਸਟੈਟਿਸਟੀਕਲ ਇੰਨਵੈਸਟੀਗੇਟਰ) ਵੱਲੋਂ ਜਿਲ੍ਹੇ ਦੇ



ਸਾਰੇ ਅਫਸਰਾਂ/ਚਾਰਜ ਅਫਸਰਾਂ/ਟੈਕਨੀਕਲ ਅਸਿਸਟੈਂਟ ਨੂੰ ਸੈਸਜ਼ 2027 ਸਬੰਧੀ ਵਿਸਥਾਰਪੂਰਵਕ ਟ੍ਰੇਨਿੰਗ ਦਿੱਤੀ ਗਈ। ਸੈਸਜ਼ 2027 ਨੂੰ ਪੰਜਾਬ ਵਿੱਚ 2 ਫੇਸਾਂ ਵਿੱਚ ਮੁਕੰਮਲ ਕੀਤਾ ਜਾਣਾ ਹੈ। ਪਹਿਲੇ ਫੇਸ ਵਿੱਚ ਹਾਉਸ ਲਿਸਟਿੰਗ ਅਤੇ ਹਾਊਸਿੰਗ ਸੈਸਜ਼ ਦਾ ਕੰਮ ਕੀਤਾ ਜਾਣਾ ਹੈ,ਜੋ ਕਿ ਮਿਤੀ: 15-05-2026 ਤੋਂ 13-06-2026 ਤੱਕ ਕੀਤਾ ਜਾਵੇਗਾ ਅਤੇ ਫੇਸ 2 ਵਿੱਚ ਪਾਪੂਲੇਸ਼ਨ ਇਨੂੰਮੀਰੇਸ਼ਨ ਦਾ ਕੰਮ ਕੀਤਾ ਜਾਣਾ ਹੈ,ਜ਼ੋ ਕਿ ਫਰਵਰੀ 2027 ਵਿੱਚ ਹੋਵੇਗਾ। ਇਸ ਮੌਕੇ 'ਤੇ ਐਸ.ਡੀ.ਐਮ. ਨਵਾਂਸ਼ਹਿਰ ਅਨਮਜਯੋਤ ਕੌਰ ਅਤੇ ਜ਼ਿਲ੍ਹੇ ਦੇ ਸਮੂਹ ਅਫ਼ਸਰ ਹਾਜ਼ਰ ਸਨ।

# ਮੋਰਿੰਡਾ ਵਿਖੇ ਮੁੱਖ ਮੰਤਰੀ ਸਿਹਤ ਯੋਜਨਾ ਮੈਗਾ ਕੈਂਪ ਲਗਾਇਆ

**ਮੋਰਿੰਡਾ, 13 ਮਾਰਚ (ਸੁਖਵਿੰਦਰ ਸਿੰਘ ਹੈਪੀ)- ਸਿਹਤ** ਅਤੇ ਪ੍ਰੀਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਨੂੰ ਘਰ ਘਰ ਪਹੁੰਚਾਉਣ ਲਈ ਮੈਗਾ ਕੈਂਪ ਬਾਬਾ ਸਾਹਿਬ ਡਾ ਭੀਮ ਰਾਓ ਅੰਬੇਦਕਰ ਕਮਿਊਨਟੀ ਸੈਂਟਰ ਮੋਰਿੰਡਾ ਵਿਖੇ ਲਗਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਪ੍ਰੀਤ ਸਿੰਘ ਕਲਸੀ ਨੇ ਦੱਸਿਆ ਕਿ ਇਹ ਕੈਂਪ ਐਸ ਡੀ ਐਮ ਮੋਰਿੰਡਾ ਚੇਤਨ ਬੰਗੜ ਦੀ ਦੇਖ ਰੇਖ ਹੇਠ ਲਗਾਇਆ ਗਿਆ। ਇਸ ਕੈਂਪ ਦੌਰਾਨ ਤਹਿਸੀਲਦਾਰ ਮੋਰਿੰਡਾ ਸੁਰਿੰਦਰ ਪਾਲ ਸਿੰਘ, ਕਾਰਜ ਸਾਧਕ ਅਫਸਰ ਮੋਰਿੰਡਾ ਰਵੀ ਜਿੰਦਲ, ਸੀਨੀਅਰ ਮੈਡੀਕਲ ਅਫ਼ਸਰ ਮੋਰਿੰਡਾ ਪਰਮਿੰਦਰ ਸਿੰਘ ਆਦਿ ਪ੍ਰਸ਼ਾਸਨਿਕ ਅਧਿਕਾਰੀ ਮੌਜੂਦ ਰਹੇ । ਕੈਂਪ ਦੌਰਾਨ 400 ਦੇ ਕਰੀਬ ਲੋਕਾਂ ਦੇ 10 ਲੱਖ ਰੁਪਏ ਵਾਲੇ ਬੀਮਾ ਯੋਜਨਾ ਦੇ ਕਾਰਡ ਬਣਾਏ ਗਏ। ਇਸ ਮੌਕੇ ਹਾਜ਼ਰ ਆਮ ਆਦਮੀ ਪਾਰਟੀ ਦੇ ਆਗੂ ਅਤੇ ਨਗਰ ਕੌਂਸਲ ਮੋਰਿੰਡਾ ਦੇ ਪ੍ਰਧਾਨ



ਜਗਦੇਵ ਸਿੰਘ ਭਟੋਆ ਨੇ ਦੱਸਿਆ ਕਿ ਇਹ ਮੈਗਾ ਕੈਂਪ ਦੌਰਾਨ ਪੰਜਾਬ ਸਰਕਾਰ ਵੱਲੋਂ ਸਿਹਤ ਬੀਮਾ ਯੋਜਨਾ ਤਹਿਤ 10 ਲੱਖ ਰੁਪਏ ਦੇ ਮੁਫ਼ਤ ਇਲਾਜ ਸਬੰਧੀ ਕਾਰਡ ਯਕੀਨੀ ਬਣਾਉਣ ਲਈ ਲਗਾਇਆ ਗਿਆ। ਇਸ ਕਾਰਡ ਤੇ ਇਕ ਪ੍ਰੀਵਾਰ ਦਾ ਇਕ ਸਾਲ ਲਈ 10 ਲੱਖ ਰੁਪਏ ਦਾ ਨਗਦ ਰਹਿਤ ਇਲਾਜ ਮੁਫ਼ਤ ਹੋਵੇਗਾ। ਇਹ ਕਾਰਡ ਸਾਰੇ ਸਰਕਾਰੀ ਹਸਪਤਾਲਾਂ ਅਤੇ ਨਿਜੀ ਪੈਨਲ ਨਾਲ ਸਾਰੇ ਹਸਪਤਾਲਾਂ ਵਿਚ ਲਾਗੂ ਹੋਣਗੇ। ਉਹਨਾਂ ਦੱਸਿਆ ਕਿ ਇਹ ਪੰਜਾਬ ਸਰਕਾਰ ਦੀ ਵੱਡੀ ਪ੍ਰਾਪਤੀ ਹੈ। ਪ੍ਰਧਾਨ ਨੇ ਆਖਿਆ ਕਿ ਆਮ ਆਦਮੀ ਪਾਰਟੀ ਨੇ ਚੋਣਾਂ ਸਮੇਂ ਕੀਤੇ ਵਾਅਦੇ, ਗਰੰਟੀਆ ਪੂਰੇ ਕਰ ਦਿੱਤੇ ਹਨ। ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਤੋਂ ਖੁਸ਼ ਨਜ਼ਰ ਆ ਰਹੇ ਹਨ। ਇਸ ਲਈ ਪੰਜਾਬ ਵਿੱਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਦੇ ਸੂਬਾਈ ਜਥੇਬੰਦਕ ਸਕੱਤਰ ਨਿਰਮਲਪ੍ਰੀਤ ਸਿੰਘ ਮਿਹਰਵਾਨ, ਬਲਾਕ ਪ੍ਰਧਾਨ ਮਨਜੀਤ ਕੌਰ, ਮਨਿੰਦਰ ਕੌਰ, ਹਰਜਿੰਦਰ ਸਿੰਘ ਸੰਜੂ, ਚਰਨਜੀਤ ਕੌਰ, ਪਰਮਜੀਤ ਕੌਰ, ਜਸਪ੍ਰੀਤ ਸਿੰਘ ਕਲਸੀ, ਸੁਪਰਡੈਂਟ ਵਿਨੈ ਕੁਮਾਰ ਸਮੇਤ ਕਈ ਹੋਰ ਅਧਿਕਾਰੀ ਅਤੇ ਅਨੇਕਾਂ ਪਤਵੰਤੇ ਸੱਜਣ ਹਾਜ਼ਰ ਸਨ।

# ਪੰਜਾਬ ਸਰਕਾਰ ਮਹਿਲਾ ਉੱਦਮੀ ਸਨਮਾਨ ਸਮਾਰੋਹ-2026 ਤਹਿਤ ਜ਼ਿਲ੍ਹੇ ਦੀਆਂ ਉੱਦਮੀ ਮਹਿਲਾਵਾਂ ਨੂੰ ਕੀਤਾ ਸਨਮਾਨਿਤ

**ਨਵਾਂਸ਼ਹਿਰ, 13 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )** ਉੱਦਮੀ ਮਹਿਲਾਵਾਂ ਨੂੰ ਉਤਸ਼ਾਹਿਤ ਕਰਨ ਲਈ ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਵਿਖੇ ਪੰਜਾਬ ਸਰਕਾਰ ਮਹਿਲਾ ਉੱਦਮੀ ਸਨਮਾਨ ਸਮਾਰੋਹ-2026 ਤਹਿਤ ਜ਼ਿਲ੍ਹੇ ਦੀਆਂ ਉੱਦਮੀ ਮਹਿਲਾਵਾਂ ਨੂੰ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਵੱਲੋਂ ਸ਼ਮਾ ਰੋਸ਼ਨ ਕਰਕੇ ਸਮਾਰੋਹ ਦੀ ਸ਼ੁਰੂਆਤ ਕੀਤੀ ਗਈ। ਇਸ ਸਮਾਰੋਹ ਵਿੱਚ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਅਤੇ ਚੇਅਰਮੈਨ ਜ਼ਿਲ੍ਹਾ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ ਵਿਸ਼ੇਸ਼ ਮਹਿਮਾਨ ਵਜੋਂ ਹਾਜ਼ਰ ਹੋਏ।

ਡਿਪਟੀ ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਨੇ ਕਿਹਾ ਕਿ ਸਾਡੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਅੱਜ ਅਸੀਂ ਉੱਦਮੀ ਮਹਿਲਾਵਾਂ ਨੂੰ ਸਨਮਾਨਿਤ ਕਰ ਰਹੇ ਹਾਂ।ਜਿਨ੍ਹਾਂ ਆਪਣਾ ਕਾਰੋਬਾਰ ਆਪਣੀ ਮਿਹਨਤ ਨਾਲ ਸ਼ੁਰੂ ਕੀਤਾ ਅਤੇ ਆਪਣੇ ਪਰਿਵਾਰ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਕੇ ਤਰੱਕੀ ਕੀਤੀ। ਉਨ੍ਹਾਂ ਕਿਹਾ ਕਿ ਮਹਿਲਾਵਾਂ ਦੀ ਆਰਥਿਕ ਸਸ਼ਕਤੀਕਰਨ ਅਤੇ ਆਜੀਵਿਕਾ ਮਜਬੂਤੀ ਵਿੱਚ ਇਸ ਤਰ੍ਹਾਂ ਦੇ ਸਮਾਰੋਹ ਵਿਸ਼ੇਸ਼ ਯੋਗਦਾਨ ਪਾਉਂਦੇ ਹਨ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਸਬੰਧੀ ਸਨਮਾਨ ਸਮਾਰੋਹ ਅੱਜ ਸ਼ਿਵਾਲਿਕ ਪਬਲਿਕ ਸਕੂਲ ਨਵਾਂਸ਼ਹਿਰ ਵਿਖੇ ਕਰਵਾਇਆ



ਗਿਆ ਜਿੱਥੇ ਮਹਿਲਾ ਉੱਦਮੀਆਂ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਸਿਲੈਕਸ਼ਨ ਲਈ ਬਿਜ਼ਨਸ ਕੈਟਾਗਰੀਆਂ ਖੇਤ ਤੋਂ ਰਸੋਈ, ਸੇਵਾ ਤੋਂ ਸਵੈ-ਨਿਰਭਰਤਾ - ਸੇਵਾ ਖੇਤਰ ਦੇ ਉੱਦਮੀ, ਡਿਜੀਟਲ ਭੈਣਾਂ - ਤਕਨੀਕੀ-ਯੋਗ ਅਤੇ ਆਨਲਾਈਨ ਵਪਾਰ ਕਾਰੋਬਾਰ, ਹਰੇ ਯੋਧੇ - ਵਾਤਾਵਰਣ ਅਨੁਕੂਲ, ਟਿਕਾਊ ਅਤੇ ਰੀਸਾਈਕਲਿੰਗ ਉੱਦਮੀ, ਪਹਿਲੀ ਪਛਾਣ ਔਰਤਾਂ - ਨੌਜਵਾਨ, ਸਵੈ-ਸਹਾਇਤਾ ਸਮੂਹ ਅਤੇ ਪਹਿਲੀ ਪੀੜ੍ਹੀ ਦੇ ਉੱਦਮੀ, ਨੌਕਰੀ ਸਿਰਜਣ-ਹਾਰ - ਮਹਿਲਾ ਉਤਪਤੀ ਰੁਜ਼ਗ-ਾਰ, ਕਲਾ ਸਿਰਜਣਹਾਰ - ਕਲਾ, ਸ਼ਿਲਪਕਾਰੀ, ਡਿਜ਼ਾਈਨ ਅਤੇ ਹੱਥ ਨਾਲ ਬਣੇ ਉੱਦਮ, ਸਿਹਤ ਅਤੇ ਤੰਦਰੁਸਤੀ ਉੱਦਮੀ- ਦੇਖਭਾਲ, ਤੰਦਰੁਸਤੀ, ਪੋਸ਼ਣ, ਥੈਰੇਪੀ, ਸਿੱਖਿਆ ਅਤੇ ਸਿਖਲਾਈ ਉੱਦਮੀ - ਸਿੱਖਿਆ ਅਤੇ ਸਿਖਲਾਈ ਉੱਦਮੀ, ਸਮਾਜਿਕ ਪ੍ਰਭਾਵ ਚੈਂਪੀਅਨ - ਭਾਈਚਾਰੇ-ਸੰਚਾਲਿਤ ਅਤੇ ਉਦੇਸ਼-ਅਗਵਾਈ ਵਾਲੇ ਉੱਦਮ ਅਤੇ ਕੁੱਲ ਸ਼੍ਰੇਣੀ "30 ਤੋਂ ਘੱਟ 30" ਦਿੱਤੀਆਂ ਗਈਆਂ ਸਨ। ਉਨ੍ਹਾਂ ਦੱਸਿਆ ਕਿ ਅੱਜ ਬਲਾਕ ਪੱਧਰ ਤੇ ਚੁਣੀਆਂ ਮਹਿਲਾਵਾਂ ਵਿੱਚੋਂ 100 ਮਹਿਲਾਵਾਂ ਦਾ ਜ਼ਿਲ੍ਹਾ ਪੱਧਰ ‘ਤੇ ਸਨਮਾਨ ਕੀਤਾ ਗਿਆ ਹੈ। ਇਸ ਮੌਕੇ ਵਿਸ਼ੇਸ਼ ਤੌਰ ‘ਤੇ ਹਾਜ਼ਰ ਯੂ.ਪੀ.ਐਸ.ਸੀ. (Air65) ਰਾਖੀ ਅਤੇ (Air315) ਕ੍ਰਿਤਿਕਾ ਨੇ ਮਹਿਲਾਵਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਕੋਈ ਵੀ ਕੰਮ ਮੁਸ਼ਕਲ ਜ਼ਰੂਰ ਹੁੰਦਾ ਹੈ ਪਰ ਦ੍ਰਿੜ ਇਰਾਦੇ ਅਤੇ ਮਿਹਨਤ ਨਾਲ ਸਫ਼ਲਤਾ ਦਾ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਆਤਮ ਨਿਰਭਰ ਮਹਿਲਾਵਾਂ ਬਣਨ ਲਈ ਲਗਾਤਾਰ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤਰੱਕੀ ਦੀ ਰਾਹ ‘ਤੇ ਪ੍ਰਗਤੀ ਕਰ ਰਿਹਾ ਹੈ। ਇਸ ਮੌਕੇ ‘ਤੇ ਹਲਕਾ ਇੰਚਾਰਜ ਲਲਿਤ ਮੋਹਨ ਪਾਠਕ ਅਤੇ ਚੇਅਰਮੈਨ ਜ਼ਿਲ੍ਹਾ ਨਗਰ ਸੁਧਾਰ ਟਰੱਸਟ ਸਤਨਾਮ ਸਿੰਘ ਜਲਵਾਹਾ ਵੱਲੋਂ 'ਪੰਜਾਬ ਸਰਕਾਰ ਮਹਿਲਾ ਉੱਦਮੀ ਸਨਮਾਨ' 2026 ਤਹਿਤ ਅੱਜ ਉਨ੍ਹਾਂ ਨਿਡਰ ਮਹਿਲਾਵਾਂ ਨੂੰ ਸਨਮਾਨਿਤ ਕੀਤਾ, ਜਿਨ੍ਹਾਂ ਨੇ ਆਪਣੀ ਹਿੰਮਤ ਨਾਲ ਤਕਦੀਰਾਂ ਬਦਲ ਦਿੱਤੀਆਂ। ਘਰ ਦੀ ਆਰਥਿਕ ਨੀਂਹ ਮਜ਼ਬੂਤ ਕਰਨ ਤੋਂ ਲੈ ਕੇ ਸਮਾਜ ਲਈ ਪ੍ਰੇਰਨਾ ਦਾ ਮੁਨਾਰਾ ਬਣਨ ਤੱਕ ਦਾ ਇਨ੍ਹਾਂ ਦਾ ਸਫ਼ਰ ਬੇਮਿਸਾਲ ਹੈ। ਇਹ ਸਨਮਾਨ ਇਨ੍ਹਾਂ ਦੇ ਅਥੱਕ ਜਜ਼ਬੇ ਨੂੰ ਇੱਕ ਨਿਮਾਣੀ ਜਿਹੀ ਭੇਂਟ ਹੈ। ਇਸ ਮੌਕੇ ਅੰਚਲ ਅਹੂਜਾ ਅਰੋੜਾ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਸੋਨੀਆ ਅੰਗਰੀਸ਼ ਆਦਿ ਹਾਜ਼ਰ ਸਨ।

# ਸਮਾਜਿਕ ਵਿਕਾਸ ‘ਚ ਮਹਿਲਾਵਾਂ ਦਾ ਯੋਗਦਾਨ ਸਲਾਹੁਣਯੋਗ - ਡਿਪਟੀ ਕਮਿਸ਼ਨਰ

## ਜ਼ਿਲ੍ਹੇ ਦੀਆਂ 100 ਕਾਮਯਾਬ ਉਦਮੀ ਮਹਿਲਾਵਾਂ ਦਾ ਸਨਮਾਨ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਅਤੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਅੱਜ ਇੱਥੇ ਅੰਤਰਰਾਸ਼ਟਰੀ ਮਹਿਲਾ ਦਿਵਸ ਨੂੰ ਸਮਰਪਿਤ ਜ਼ਿਲ੍ਹਾ ਪੱਧਰੀ ਸਮਾਗਮ ਦੌਰਾਨ ਔਰਤਾਂ ਵੱਲੋਂ ਸਮਾਜਿਕ ਵਿਕਾਸ ਦੀ ਸ਼ਲਾਘਾ ਕਰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ 100 ਕਾਮਯਾਬ ਉੱਦਮੀ ਮਹਿਲਾਵਾਂ ਦਾ ਸਨਮਾਨ ਕੀਤਾ ਗਿਆ ।ਸਥਾਨਕ ਸਿਟੀ ਸੈਂਟਰ ਵਿਖੇ ਕਰਵਾਏ ਸਮਾਗਮ ਦੌਰਾਨ ਜ਼ਿਲ੍ਹੇ ਦੀਆਂ 100 ਸਫਲ ਮਹਿਲਾ ਉੱਦਮੀਆਂ ਨੂੰ ਵੱਖ-ਵੱਖ ਖੇਤਰਾਂ ਵਿਚ ਸ਼ਲਾਘਾਯੋਗ ਕੰਮਾਂ ਅਤੇ ਸ਼ਾਨਦਾਰ ਪ੍ਰਾਪਤੀਆਂ ਲਈ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ ਇਨ੍ਹਾਂ ਮਹਿਲਾਵਾਂ ਨੇ ਆਪਣੀ ਮਿਹਨਤ ਦਾ ਲੋਹਾ ਮਨਵਾਉਂਦਿਆਂ ਨਾ ਸਿਰਫ ਕਾਮਯਾਬੀ ਹਾਸਲ ਕੀਤੀ ਹੈ ਸਗੋਂ ਇਹ ਹੋਰਨਾਂ ਲਈ ਪ੍ਰੇਰਨਾਸਰੋਤ ਵੀ ਬਣੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਔਰਤਾਂ ਨੇ ਉੱਦਮ ਦੇ ਖੇਤਰ ਵਿਚ ਨਵੀਆਂ ਬੁਲੰਦੀਆਂ ਨੂੰ ਛੋਹਦਿਆਂ ਆਪਣੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਜੋ ਕਿ ਬੇਹੱਦ ਸਲਾਹੁਣਯੋਗ ਹੈ। ਉਨ੍ਹਾਂ ਕਿਹਾ ਕਿ ਜ਼ਿਲਾ ਪ੍ਰਸ਼ਾਸਨ ਔਰਤਾਂ ਦੇ ਸਰਬਪੱਖੀ ਵਿਕਾਸ ਵਿਚ ਹਰ ਸੰਭਵ ਮਦਦ ਲਈ ਹਮੇਸ਼ਾ



ਤਤਪਰ ਹੈ ਤਾਂ ਜੋ ਸਮਾਜਿਕ ਤਾਣੇ-ਬਾਣੇ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ। ਉਨ੍ਹਾ ਦੱਸਿਆ ਕਿ ਇਸ ਤੋਂ ਪਹਿਲਾਂ 2 ਮਾਰਚ ਤੋਂ 6 ਮਾਰਚ ਤੱਕ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਣ ਲਈ ਜ਼ਿਲ੍ਹੇ ਦੇ ਸਾਰੇ ਵਿਧਾਨ ਸਭਾ ਹਲਕਿਆਂ ਵਿੱਚ ਪ੍ਰੋਗਰਾਮ ਕਰਵਾਏ ਗਏ ਸਨ, ਜਿਸ ਵਿੱਚ ਹਰੇਕ ਵਿਧਾਨ ਸਭਾ ਹਲਕੇ ਦੀਆਂ 100 ਮਹਿਲਾ ਉੱਦਮੀਆਂ ਨੂੰ ਸਨਮਾਨਿਤ ਕੀਤਾ ਗਿਆ ਸੀ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅੱਜ ਦੀਆਂ ਔਰਤਾਂ ਆਤਮ-ਨਿਰਭਰ ਬਣ ਕੇ ਸਮਾਜ ਅਤੇ ਆਰਥਿਕਤਾ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ ਰਾਹੀਂ ਸੈਲਫ ਹੈਲਪ ਗਰੁੱਪਾਂ ਨੂੰ ਰਿਵਾਲਵਿੰਗ ਫੰਡ ਅਤੇ ਕਮਿਊਨਿਟੀ ਇਨਵੈਸਟਮੈਂਟ ਫੰਡ ਦੇ ਰੂਪ ਵਿੱਚ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ, ਜਿਸ ਰਾਹੀਂ ਔਰਤਾਂ ਆਪਣੇ ਛੋਟੇ ਉੱਦਮ ਸਥਾਪਤ ਕਰਕੇ ਆਰਥਿਕ ਤੌਰ 'ਤੇ ਸਸ਼ਕਤ ਬਣ ਸਕਦੀਆਂ ਹਨ। ਡਿਪਟੀ ਕਮਿਸ਼ਨਰ ਨੇ ਮਹਿਲਾ ਉੱਦਮੀਆਂ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਆਧੁਨਿਕ ਤਕਨਾਲੋਜੀ ਅਤੇ ਨਵੀਨਤਾਕਾਰੀ ਤਰੀਕਿਆਂ ਦੀ ਵਰਤੋਂ ਕਰਕੇ ਆਪਣੇ ਕਾਰੋਬਾਰ ਨੂੰ ਹੋਰ ਵਧਾਉਣ ਅਤੇ ਹੋਰ ਔਰਤਾਂ ਨੂੰ ਆਤਮ-ਨਿਰਭਰ ਬਣਨ ਲਈ ਪ੍ਰੇਰਿਤ ਕਰਨ ।

# ਸਾਡਾ ਤਾਂ ਨਵਾਂ ਸਾਲ ਹੈ ਅੱਜ



ਚੇਤ ਮਹੀਨਾ ਚੜ੍ਹ ਗਿਆ ਏ ਅੱਜ ,
ਫਸਲਾਂ ਰੰਗ ਬਟਾਉਂਣਗੀਆਂ ।
ਜੇ ਮੀਂਹ ਨ੍ਹੇਰੀ ਤੋਂ ਬੱਚਤ ਰਹਿ ਗਈ ,
ਘਰ ਘਰ ਖ਼ੁਸ਼ੀ ਲਿਆਉਂਣਗੀਆਂ।
ਕਿਸੇ ਦਾ ਪੁੱਤ ਵਿਆਹ ਕੇ ਲਿਆਊ ,
ਅਪਣੇ ਸੁਪਨਿਆਂ ਦੀ ਸ਼ਹਿਜ਼ਾਦੀ ;
ਪਰੀਆਂ ਵਰਗੀਆਂ ਧੀਆਂ ਕਿਸੇ ਦੀਆਂ,
ਕਿਤੇ ਦੂਰ ਉਡਾਰੀ ਲਾਉਂਣਗੀਆਂ ।

**ਮੂਲ ਚੰਦ ਸ਼ਰਮਾ ਪ੍ਰਧਾਨ , ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ : 9914836037**

# ਅੱਖਾਂ ਥੱਕ ਗਈਆ

ਅੱਖਾਂ ਥੱਕ ਗਈਆਂ
ਤੱਕ - ਤੱਕ ਰਾਹ
ਗੁਰੁ ਜੀ ਫੇਰੀ, ਮਾਰੋ ਆਣ ਕੇ
ਤੇਰੀ ਮਿਹਰ ਨਾਲ ਚੱਲਦੇ ਨੇ ਸਾਹ
ਗੁਰੁ ਜੀ ਫੇਰੀ ਮਾਰੋ ਆਣ ਕੇ
ਅੱਖਾਂ ਥੱਕ ਗਈਆਂ ....
ਤੇਰੇ ਆਸਰੇ ਤੋਂ ਬਿਨਾਂ
ਸਾਨੂੰ ਜਿਉਣ ਦਾ
ਹੋਰ ਨਾ ਗੁਜ਼ਾਰਾ ਦਾਤਿਆ
ਝੱਟ ਫ਼ੇਰ ਲੈਂਦੀ
ਦੁਨੀਆ ਏਹ ਅੱਖਾਂ
ਤੇਰਾ ਹੀ ਸਹਾਰਾ ਦਾਤਿਆ
ਤਾਂਹੀਓਂ ਛੱਡਿਉ ਨਾਂ
ਫੜ ਕੇ ਜੀ ਬਾਂਹ।
ਗੁਰੁ ਜੀ ਫੇਰੀ ਮਾਰੋ ਆਣ ਕੇ
ਅੱਖਾਂ ਥੱਕ ਗਈਆਂ ....
ਕਈ ਔਗੁਣਾਂ ਦਾ
ਭਰਿਆ ਸਰੀਰ ਏਹ
ਰੱਖ ਲਵੀਂ ਬੱਚੇ ਜਾਣ ਕੇ ।
ਠੰਡ ਸੀਨੇ ਵਿੱਚ
ਪੈਂਦੀ, ਸੱਚ ਆਖਦੇ
ਪਿਤਾ ਤੇਰੀ ਗੋਦ , ਮਾਣ ਕੇ ।
ਨਾਮੁ ਸੁਣਿਆਂ ਈ ਭੱਜਦੀ ਬਲ੍ਹਾਅ
ਗੁਰੂ ਜੀ ਫੇਰੀ ਮਾਰੋ ਆਣ ਕੇ
ਅੱਖਾਂ ਥੱਕ ਗਈਆਂ ....
ਇੱਕ ਅਰਜ਼ " ਫਲੋਰਾ "
ਦਿਲੋਂ ਹਰਦਿਨ ਕਰਦਾ
ਤੂੰ ਬਖਸ਼ੀਂ ਗੁਨਾਹ ਸਭ ਦੇ।
ਕਾਹਦਾ ਕਰੀਏ ਗ਼ਰੂਰ ਕਿਸੇ ਗੈਰ੍ਹ ਤੇ
ਔਖੇ ਵੇਲੇ ਕਿੱਥੋਂ ਲੱਭਦੇ
ਸੁਰ-ਜੀਤ ਰਿਹਾ
ਸੱਚੀਆਂ ਸੁਣ੍ਹਾ
ਗੁਰੂ ਜੀ ਫੇਰੀ ਮਾਰੋ ਆਣ ਕੇ
ਅੱਖਾਂ ਥੱਕ ਗਈਆਂ
ਤੱਕ - ਤੱਕ ਰਾਹ
ਗੁਰੂ ਜੀ ਫੇਰੀ ਮਾਰੋ ਆਣ ਕੇ



**ਸੁਰਜੀਤ ਸਿੰਘ ਫਲੋਰਾ**

# ਪਿੱਪਲ ਦੇ ਪੱਤੇ...

ਪਿੱਪਲ ਦੇ ਪੱਤੇ, ਅੱਕਾਂ ਨਾਲ ਖਹਿ ਗਏ।
ਉਹ ਸੱਚੇ ਹੋ ਗਏ, ਅਸੀਂ ਝੂਠੇ ਰਹਿ ਗਏ।
ਹਿੱਕ ਠੋਕ ਕੇ ਕਹਿੰਦੇ ਸੀ, ਸੱਜਣਾ ਤੇਰੇ ਹਾਂ।
ਕੋਈ ਖੜੇ ਨਾ ਖੜੇ, ਬੱਸ ਅਸੀਂ ਬਥੇਰੇ ਹਾਂ।
ਜਦ ਪਰਖਣ ਦਾ ਵੇਲਾ ਆਇਆ ਤਾਂ,
ਰੇਤ ਦੀਆਂ ਕੰਧਾਂ ਦੇ ਵਾਂਗੂੰ ਢਹਿ ਗਏ।
ਉਹ ਸੱਚੇ ਹੋ ਗਏ, ਅਸੀਂ ਝੂਠੇ ਰਹਿ ਗਏ।
ਉਹ ਸੁੱਚੇ ਹੋ ਗਏ, ਅਸੀਂ ਜੂਠੇ ਰਹਿ ਗਏ।
ਦਰਿਆ ਕਹਾਉਂਦੇ ਸੀ, ਖੂਹ ਨਾ ਨਿਕਲੇ।
ਚੰਨ ਲਿਆਉਂਦੇ ਸੀ ਪਰ ਜੂਹ ਨਾ ਨਿਕਲੇ।
ਗੱਲ ਗੱਲ ਤੇ ਫ਼ਿਕਰ ਕਰੋ ਨਾ ਕਹਿਣ ਵਾਲੇ,
ਸਾਗਰ ਦੀ ਛੱਲ ਵਾਂਗੂੰ ਪੁੱਠੇ ਵਹਿ ਗਏ।
ਉਹ ਸੱਚੇ ਹੋ ਗਏ, ਅਸੀਂ ਝੂਠੇ ਰਹਿ ਗਏ।
ਉਹ ਸੁੱਚੇ ਹੋ ਗਏ, ਅਸੀਂ ਜੂਠੇ ਰਹਿ ਗਏ।
ਲੱਖ ਕਮੀਆਂ ਜਾਣ ਲੱਗੇ, ਸਾਡੇ 'ਚ ਕੱਢ ਗਏ।
ਮੁੜ ਮੁਲਾਕਾਤ ਦਾ, ਸਿਆਪਾ ਹੀ ਵੱਢ ਗਏ।
ਸਮਝ ਨੀ ਆਉਂਦੀ, ਕੀ ਕਿਹਾ ਕੀ ਛੱਡ ਗਏ।
ਸਿਰ ਤੇ ਬਿਠਾਏ ਸੀ, ਜੋੜਾਂ ਵਿੱਚ ਬਹਿ ਗਏ।
ਉਹ ਸੱਚੇ ਹੋ ਗਏ, ਅਸੀਂ ਝੂਠੇ ਰਹਿ ਗਏ।
ਉਹ ਸੁੱਚੇ ਹੋ ਗਏ, ਅਸੀਂ ਜੂਠੇ ਰਹਿ ਗਏ।
ਗੁਰਜਿੰਦਰ ਇਹ ਜੋ, ਦੁਨੀਆਦਾਰੀ ਏ।
ਇਹਦੀ ਰੀਤ ਸੱਚੀਂ, ਬੜੀ ਨਿਆਰੀ ਏ।
ਕੀ ਕਰੀਏ ਉਨ੍ਹਾਂ ਦਾ, ਜੋ ਮਨ ਤੋਂ ਲਹਿ ਗਏ।
ਲੋਭੀ ਮਿੱਤ ਬਣਦੇ ਨਾ, ਸਿਆਣੇ ਕਹਿ ਗਏ।
ਉਹ ਸੱਚੇ ਹੋ ਗਏ, ਅਸੀਂ ਝੂਠੇ ਰਹਿ ਗਏ।
ਉਹ ਸੁੱਚੇ ਹੋ ਗਏ, ਅਸੀਂ ਜੂਠੇ ਰਹਿ ਗਏ।



**ਗੁਰਜਿੰਦਰ ਸਿੰਘ ਸਾਹਦੜਾ**

# ਮਾਂ ਤੋਂ ਚਾਹ

ਆਪਣੇ ਘਰ ਜਿਹੀ ਮੌਜ ਨੀਂ ਲੱਭਣੀ
ਜਾਈਏ ਲੱਖ ਵਿਦੇਸ਼ਾਂ,
ਅਮੀਰ ਨੌਕਰ ਤੋਂ ਗਰੀਬ ਮਾਲਕ ਦੀਆਂ
ਹੁੰਦੀਆਂ ਬਹੁਤ ਨੇ ਐਸ਼ਾਂ
ਐਸ਼ਾਂ ਖੂਬ ਉਡਾਈਏ,
ਵਿੱਚ ਰਜਾਈ ਦੇ ਮਾਂ ਤੋਂ ਚਾਹ ਮੰਗਾਈਏ।
ਅੱਧੀ ਰਾਤ ਨੂੰ ਖਾਣਾ ਬਣਾ ਕਿਉਂ
ਕਈ ਡੰਗ ਉਹੀਂ ਖਾਈਏ,
ਮਿੱਤਰਾਂ ਦੇ ਨਾਲ ਰਲ ਕੇ ਰੋਟੀ
ਰੈਸਟੋਰੈਂਟ ਵਿਚ ਖਾਈਏ,
ਭੋਰਾ ਦਾਲ ਸੁਆਦ ਨੀਂ ਛੋਟੀ ਭੈਣ ਨੂੰ
ਆਖ ਸੁਣਾਈਏ,
ਵਿੱਚ ਰਜਾਈ ਦੇ ਮਾਂ ਤੋਂ ਚਾਹ ਮੰਗਾਈਏ।
ਦਿਨ ਤਿਉਹਾਰ ਤੇ ਵਿਆਹ ਸ਼ਾਦੀ ਨੂੰ
ਮਸਤੀ ਖੂਬ ਮਨਾਈਏ,
ਸਾਲੀਆਂ ਭਾਬੀਆਂ ਦੇ ਨਾਲ ਰਲਕੇ
ਜਿਦਕੇ ਬੋਲੀਆਂ ਪਾਈਏ,
ਜਿਸਦੇ ਜਾਈਏ ਉਹਦੀ ਖੁਸ਼ੀ ਨੂੰ ਦੁੱਗਣਾ ਕਰਕੇ ਆਈਏ,
ਵਿੱਚ ਰਜਾਈ ਦੇ ਮਾਂ ਤੋਂ ਚਾਹ ਮੰਗਾਈਏ।
ਵਿੱਚ ਜੁਆਨੀ ਕਰਕੇ ਐਸ਼ਾਂ ਟਾਈਮ ਨਾਲ਼ ਢਲ ਜਾਈਏ,
ਬੱਚਿਆਂ ਨੂੰ ਦੇਈਏ ਚੰਗੀ ਸਿੱਖਿਆ
ਮਾਂ ਪਿਉ ਦੀ ਸੇਵਾ ਕਮਾਈਏ,
ਹਰ ਕੰਮ ਤੋਂ ਪਹਿਲਾਂ ਯਾਦ ਖ਼ੁਦਾ ਨੂੰ ਕਰਕੇ
ਸਭ ਦਾ ਭਲਾ ਮਨਾਈਏ,
ਵਿੱਚ ਰਜਾਈ ਦੇ ਮਾਂ ਤੋਂ ਚਾਹ ਮੰਗਾਈਏ।



**ਬੂਟਾ ਸਿੰਘ ਭਦੌੜ**

# ਵਰ੍ਹੇਗੰਢ ਮੁਬਾਰਕ



**ਬਲਾਚੌਰ ਵਾਸੀ ਇੰਜ: ਜਸਵਿੰਦਰ ਪਾਲ ਅਤੇ ਸ੍ਰੀਮਤੀ ਬੇਬੀ ਨੇ ਆਪਣੇ ਵਿਆਹ ਦੀ 29ਵੀਂ ਵਰ੍ਹੇਗੰਢ ਮਨਾਈ**
**ਫੋਟੋ ਦਾ ਵੇਰਵਾ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ**

# ਪਿੰਡ ਬਛੌੜੀ 'ਚ ਬੱਲ ਪਰਿਵਾਰ ਤੇ ਸਮੂਹ ਨਗਰ ਪੰਚਾਇਤ ਤੇ ਸਹਿਯੋਗ ਨਾਲ ਵਿਸ਼ਾਲ ਮੈਗਾ ਚੈੱਕਅਪ ਕੈਂਪ ਲਗਾਇਆ

**ਬਲਾਚੌਰ,13 ਮਾਰਚ (ਜਤਿੰਦਰਪਾਲ ਸਿੰਘ ਕਲੇਰ):** ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਅਤੇ ਸਵਰਗੀ ਧੰਨਾ ਸਿੰਘ ਬੱਲ ਤੇ ਸਵਰਗੀ ਬੀਬੀ ਸੁਰਜੀਤ ਕਰ ਬੱਲ ਦੀ ਨਿੱਘੀ ਯਾਦ ਨੂੰ ਸਮਰਪਿਤ ਪਹਿਲਾਂ ਵਿਸ਼ਾਲ ਮੈਗਾ ਮੈਡੀਕਲ ਚੈੱਕਅਪ ਕੈਂਪ ਦੁਰਗੇਸ਼ ਜੰਡੀ ਦੀ ਪ੍ਰੇਰਨਾ ਸਦਕਾ ਅਜੀਤ ਸਿੰਘ ਗਿੱਲ ਯੂਐਸਏ ਮਜਾਰੀ, ਸੋਨੀ ਬਲ ਬਛੋੜੀ, ਦਾਰਾ ਸਿੰਘ ਬੱਲ, ਸਾਬਕਾ ਸਰਪੰਚ ਓਂਕਾਰ ਸਿੰਘ, ਰਮਿੰਦਰ ਸਿੰਘ ਢਾਹਾਂ, ਬਹਾਦਰ ਸਿੰਘ, ਇਕਬਾਲ ਸਿੰਘ, ਨਰਿੰਦਰ ਸਿੰਘ ਪਨੇਸਰ, ਜਗਤਾਰ ਸਿੰਘ, ਸਾਬਕਾ ਸਰਪੰਚ ਮੇਜਰ ਸਿੰਘ ਅਤੇ ਸਮੂਹ ਪੰਚਾਇਤ ਦੇ ਸਹਿਯੋਗ ਨਾਲ ਲਗਾਇਆ ਗਿਆ । ਇਸ ਵਿਸ਼ਾਲ ਕੈਂਪ ਵਿੱਚ ਇਲਾਕੇ ਦੇ ਪ੍ਰਸਿੱਧ ਸੂਰੀ ਹਸਪਤਾਲ ਦੇ ਡਾਕਟਰ ਭੁਪਿੰਦਰ ਸਿੰਘ ਸੂਰੀ ਐਮਡੀ ਅਤੇ ਡਾਕਟਰ ਅਮਨਦੀਪ ਕੌਰ ਸੂਰੀ ਮੈਡੀਕਲ ਸਰਜਨ





ਮਰੀਜਾਂ ਦੀਆ ਅੱਖਾ ਦੀ ਜਾਂਚ ਕਰਦੇ ਹੋਏ ਸੂਰੀ ਹਸਪਤਾਲ ਤੋਂ ਅੱਖਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਤੇ ਹੋਰ (ਕਲੇਰ )

ਸੂਰੀ ਹਸਪਤਾਲ ਬਲਾਚੌਰ ਵਲੋਂ ਮਾਹਿਰ ਡਾਕਟਰਾਂ ਦੀ ਟੀਮ ਵਲੋਂ ਲਗਭਗ 382 ਮਰੀਜ਼ਾਂ ਦੀਆਂ ਅੱਖਾਂ ਚੈੱਕ ਕਰਕੇ ਫਰੀ ਦਵਾਈਆਂ ਅਤੇ ਐਨਕਾਂ ਵੀ ਦਿੱਤੀਆਂ ਗਈਆਂ । ਇਸ ਕੈਂਪ ਵਿਚ 52 ਲੋੜਵੰਦ ਮਰੀਜ਼ ਦੀਆ ਅੱਖਾਂ ਦੇ ਲੇਨਜ਼ ਪਾਉਣ ਲਈ ਚੁਣਿਆ ਗਿਆ । ਜਿਨ੍ਹਾਂ ਦੀਆਂ ਅੱਖਾਂ ਦੇ ਲੈਨਜ਼ ਸੂਰੀ ਹਸਪਤਾਲ ਬਲਾਚਰ ਵਿਖੇ ਅੱਖਾਂ ਦੇ ਮਾਹਰ ਡਾਕਟਰ ਪਾਉਣਗੇ । ਇਸ ਮੌਕੇ ਸਵੇਰ ਤੋਂ ਚਾਹ ਪਾਣੀ ਅਤੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ । ਇਸ ਮੌਕੇ ਭਾਰੀ ਸੰਖਿਆ ਵਿੱਚ ਪਹੁੰਚ ਕੇ ਜ਼ਰੂਰਤਮੰਦ ਲੋਕਾਂ ਨੇ ਇਸ ਕੈਂਪ ਦਾ ਫਾਇਦਾ ਚੁੱਕਿਆ ।

# ਚੌਥਾ ਸਰਦਾਰਨੀ ਮਨਜੀਤ ਕੌਰ ਅਤੇ ਸ੍ਰ. ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਰੂਪ ਚੰਦ ਹਰੀਗੜ੍ਹ ਨੂੰ ਮਿਲੇਗਾ

**ਬਰਨਾਲਾ (ਚੰਡਿਹੋਕ)** ਲੇਖਕ ਪਾਠਕ ਸਾਹਿਤ ਸਭਾ ਰਜਿ. ਬਰਨਾਲਾ ਵਲੋਂ ਸਾਲ 2026 ਦਾ ਚੌਥਾ ਸਰਦਾਰਨੀ ਮਨਜੀਤ ਸਿੰਘ ਅਤੇ ਸ੍ਰ. ਤ੍ਰਿਲੋਚਨ ਸਿੰਘ ਯਾਦਗਾਰੀ ਸਨਮਾਨ ਸਰੂਪ ਚੰਦ ਹਰੀਗੜ੍ਹ ਨੂੰ ਅਪ੍ਰੈਲ ਮਹੀਨੇ ਵਿੱਚ ਦਿੱਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈਸ ਸਕੱਤਰ ਮਨਦੀਪ ਕੁਮਾਰ ਨੇ ਪ੍ਰੈਸ ਨੂੰ ਦੱਸਿਆ ਕਿ ਸਭਾ ਅਤੇ ਚੰਡਿਹੋਕ ਪਰਿਵਾਰ ਵਲੋ ਬਣਾਈ ਗਈ ਚੋਣ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਮੁੱਖ ਰੱਖਦਿਆਂ ਸਾਲ 2026 ਦਾ ਸਰਦਾਰਨੀ ਮਨਜੀਤ ਕੌਰ ਅਤੇ ਸ੍ਰ ਤ੍ਰਿਲੋਚਨ ਸਿੰਘ ਯਾਦਗਾਰੀ



ਸਨਮਾਨ ਪਿੰਡ ਹਰੀਗੜ੍ਹ ਦੇ ਸਰੂਪ ਚੰਦ ਹਰੀਗੜ੍ਹ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਹੈ। ਅੱਗੇ ਹੋਰ ਜਾਣਕਾਰੀ ਦਿੰਦਿਆ ਉਹਨਾਂ ਨੇ ਦੱਸਿਆ ਕਿ ਪ੍ਰਸਿੱਧ ਸਾਹਿਤਕਾਰ ਤੇਜਿੰਦਰ ਚੰਡਿਹੋਕ ਦੇ ਪਰਿਵਾਰ ਵੱਲੋਂ ਇਹ ਸਨਮਾਨ 2022 ਤੋਂ ਲਗਾਤਾਰ ਦਿੱਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਚਰਨੀ ਬੇਦਿਲ, ਕੁਲਵੀਰ ਕੌਰ ਜੋਤੀ ਅਤੇ ਪੁਨੀਤ ਗੁਪਤਾ ਨੂੰ ਦਿੱਤਾ ਜਾ ਚੁੱਕਾ ਹੈ। ਇਸ ਸਨਮਾਨ ਵਿਚ ਸਨਮਾਨ ਚਿੰਨ, ਨਗਦ ਰਾਸ਼ੀ, ਲੋਈ ਅਤੇ ਪੁਸਤਕਾਂ ਦਾ ਸੈੱਟ ਦਿੱਤਾ ਜਾਂਦਾ ਹੈ। ਇਸ ਮੌਕੇ ਜਨਰਲ ਸਕੱਤਰ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਪਾਲ ਸਿੰਘ ਲਹਿਰੀ, ਜੈਸਮੀਨ ਕੌਰ ਅਤੇ ਦਰਸ਼ਨ ਸਿੰਘ ਗੁਰੂ ਆਦਿ ਹਾਜ਼ਰ ਸਨ।

## ਜ਼ਿਲ੍ਹਾ ਮੈਜਿਸਟਰੇਟ ਨੇ ਪੀ ਐਸ ਟੀ ਈ ਟੀ ਦੀ ਪ੍ਰੀਖਿਆ ਲਈ ਪਰੀਖਿਆਂ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਦੇ ਦਾਖਲ ਹੋਣ ਤੇ ਲਗਾਈ ਪਾਬੰਦੀ

**ਨਵਾਂਸ਼ਹਿਰ, 13 ਮਾਰਚ(ਜਤਿੰਦਰ ਪਾਲ ਸਿੰਘ ਕਲੇਰ )**



ਜ਼ਿਲ੍ਹਾ ਮੈਜਿਸਟਰੇਟ ਗੁਲਪ੍ਰੀਤ ਸਿੰਘ ਔਲਖ ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਹੁਕਮ ਜਾਰੀ ਕੀਤਾ ਹੈ ਕਿ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਮਿਤੀ 15.03.2026 (ਦਿਨ ਐਤਵਾਰ) ਨੂੰ ਹੋ ਰਹੀ ਪੀ ਐਸ ਟੀ ਈ ਟੀ 2026 ਦੀ ਪ੍ਰੀਖਿਆ ਦੌਰਾਨ ਬਣਾਏ ਕੁੱਲ 19 ਪਰੀਖਿਆਂ ਕੇਂਦਰਾਂ ਦੇ 100 ਮੀਟਰ ਦੇ ਘੇਰੇ ਵਿੱਚ ਕਿਸੇ ਵੀ ਅਣ-ਸੁਖਾਵੀਂ ਘਟਨਾ ਨੂੰ ਰੋਕਣ ਵਾਸਤੇ ਕਿਸੇ ਵੀ ਅਣ-ਅਧਿਕਾਰਤ ਵਿਅਕਤੀ ਨੂੰ ਦਾਖਲ ਨਾ ਹੋਣ ਦਿੱਤਾ ਜਾਵੇ।

# ਹਰ ਪਿੰਡ, ਹਰ ਵਾਰਡ ‘ਚ ਆਭਾ ਅਕਾਊਂਟ ਦੀ ਪੂਰੀ ਕਵਰੇਜ ਯਕੀਨੀ ਬਣਾਈ ਜਾਵੇ : ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ

**ਨਵਾਂਸ਼ਹਿਰ, 13 ਮਾਰਚ ((ਮਨੋਰੰਜਨ ਕਾਲੀਆ):** ਸਿਹਤ ਵਿਭਾਗ ਆਯੂਸ਼ਮਾਨ ਭਾਰਤ ਡਿਜੀਟਲ ਹੈਲਥ ਮਿਸ਼ਨ ਅਧੀਨ ਇਕ ਡਿਜੀਟਲੀ ਇੰਟੀਗ੍ਰੇਟਿਡ ਈਕੋ-ਸਿਸਟਮ ਰਾਹੀਂ ਹੈਲਥਕੇਅਰ ਡਲਿਵਰੀ ਨੂੰ ਹੋਰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ। ਇਸ ਮਿਸ਼ਨ ਦਾ ਮੁੱਖ ਉਦੇਸ਼ ਹਰ ਨਾਗਰਿਕ ਦਾ ਆਯੂਸ਼ਮਾਨ ਭਾਰਤ ਹੈਲਥ ਅਕਾਊਂਟ (ਆਭਾ ਆਈ.ਡੀ.) ਕਿਰੀਏਟ ਕਰਨਾ ਹੈ। ਇਸ ਸਬੰਧੀ ਸਿਵਲ ਸਰਜਨ ਡਾ ਗੁਰਿੰਦਰਜੀਤ ਸਿੰਘ ਨੇ ਸ਼ੁੱਕਰਵਾਰ ਨੂੰ ਜ਼ਿਲ੍ਹੇ ਦੀਆਂ ਆਸ਼ਾ ਵਰਕਰਾਂ ਨਾਲ ਇਕ ਮਹੱਤਵਪੂਰਨ ਮੀਟਿੰਗ ਕਰਕੇ ਆਭਾ ਅਕਾਊਂਟ ਬਣਾਉਣ ਸਬੰਧੀ ਚੱਲ ਰਹੇ ਕੰਮ ਦੀ ਵਿਸਥਾਰ ਨਾਲ ਸਮੀਖਿਆ ਕੀਤੀ। ਮੀਟਿੰਗ ਦੌਰਾਨ ਉਨ੍ਹਾਂ ਨੇ ਆਭਾ ਅਕਾਊਂਟ ਬਣਾਉਣ ਦੀ ਪ੍ਰਗਤੀ ਬਾਰੇ ਜਾਣਕਾਰੀ ਲਈ ਅਤੇ ਕੰਮ ਵਿੱਚ ਆ ਰਹੀਆਂ ਮੁਸ਼ਕਲਾਂ ’ਤੇ ਚਰਚਾ ਕੀਤੀ। ਡਾ. ਸਿੰਘ ਨੇ ਆਸ਼ਾ ਵਰਕਰਾਂ ਨੂੰ ਨਿਰਦੇਸ਼ ਦਿੱਤੇ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਮ ਲੋਕਾਂ ਦੇ ਵੱਧ ਤੋਂ ਵੱਧ



ਆਭਾ ਅਕਾਊਂਟ ਬਣਵਾਏ ਜਾਣ ਤਾਂ ਜੋ ਲੋਕ ਡਿਜ਼ਿਟਲ ਸਿਹਤ ਸੇਵਾਵਾਂ ਦਾ ਲਾਭ ਆਸਾਨੀ ਨਾਲ ਲੈ ਸਕਣ। ਉਨ੍ਹਾਂ ਨੇ ਕਿਹਾ ਕਿ ਆਭਾ ਅਕਾਊਂਟ ਰਾਹੀਂ ਮਰੀਜ਼ਾਂ ਦੇ ਸਿਹਤ ਰਿਕਾਰਡ ਸੁਰੱਖਿਅਤ ਅਤੇ ਇਕ ਥਾਂ ਉਪਲਬੱਧ ਹੋਣਗੇ, ਜਿਸ ਨਾਲ ਇਲਾਜ ਵਿੱਚ ਸਹੂਲਤ ਮਿਲੇਗੀ। ਉਨ੍ਹਾਂ ਨੇ ਆਸ਼ਾ ਵਰਕਰਾਂ ਨੂੰ ਪੂਰੀ ਮਿਹਨਤ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਲਈ ਕਿਹਾ ਅਤੇ ਰਾਸ਼ਟਰੀ ਤੇ ਸੂਬਾਈ ਸਿਹਤ ਪ੍ਰੋਗਰਾਮਾਂ ਦੇ ਟੀਚਿਆਂ ਨੂੰ ਸਮੇਂ ਸਿਰ ਪੂਰਾ ਕਰਨ ’ਤੇ ਜ਼ੋਰ ਦਿੱਤਾ। ਇਸ ਮੀਟਿੰਗ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ ਹਰੀਸ਼ ਕਿਰਪ-ਾਲ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਹਰਪਿੰਦਰ ਸਿੰਘ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਦੇਬੀ ਵੇਦਾ ਸਮੇਤ ਹੋਰ ਨੁਮਾਇੰਦੇ ਹਾਜ਼ਰ ਸਨ।

# ਜਨਤਕ, ਜਮਹੂਰੀ ਜਥੇਬੰਦੀਆਂ ਵੱਲੋਂ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਉੱਤੇ ਮਜ਼ਾਈਲੀ ਹਮਲੇ ਖਿਲਾਫ ਕਨਵੈਂਨਸ਼ਨ ਅਤੇ ਰੋਹ ਭਰਪੂਰ ਮੁਜ਼ਾਹਰਾ

## ਅਮਰੀਕੀ ਤੇ ਇਜ਼ਰਾਇਲੀ ਧਾੜਵੀਆਂ ਵੱਲੋਂ ਇਰਾਨ ਖਿਲਾਫ ਵਿੱਢੀ ਜੰਗ ਖਤਮ ਕਰੋ–ਜਥੇਬੰਦੀਆਂ







**ਸੰਗਰੂਰ।** ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਸੰਗਰੂਰ ਅਤੇ ਇਲਾਕੇ ਦੀਆਂ ਜਨਤਕ, ਜਮਹੂਰੀ, ਲੋਕ ਪੱਖੀ ਜਥੇਬੰਦੀਆਂ ਵੱਲੋਂ ਦੂਜੇ ਦੇਸ਼ ਦੇ ਅੰਦੂਰਨੀ ਮਸਲਿਆਂ ਵਿੱਚ ਧੱਕੇ ਨਾਲ ਬੇਲੋੜੀ ਦਖਲਅੰਦਾਜ਼ੀ ਕਰਕੇ ਆਪਣੀ ਚੌਧਰ ਰਾਹੀਂ ਸਾਮਰਾਜੀ ਨੀਤੀਆਂ ਥੋਪਣ ਅਤੇ ਲਾਗੂ ਕਰਕੇ ਉੱਥੇ ਦੇ ਕੁਦਰਤੀ ਵਸੀਲਿਆਂ ਤੇ ਕਬਜ਼ਾ ਕਰਨ ਲਈ ਮਸ਼ਹੂਰ ਸਾਮਰਾਜੀ ਮੁਲਕ ਅਮਰੀਕਾ ਅਤੇ ਇਜ਼ਰਾਇਲ ਵੱਲੋਂ ਇਰਾਨ ਤੇ ਜੰਗੀ ਹਮਲੇ ਰਾਹੀਂ ਇਰਾਨ ਦੀ ਅਵਾਮ, ਸਕੂਲੀ ਵਿਦਿਆਰਥੀਆਂ, ਔਰਤਾਂ ਦਾ ਖ਼ੂਨ ਵਹਾਉਣ ਖਿਲਾਫ ਕਨਵੈਂਨਸ਼ਨ ਦਾ ਆਯੋਜਨ ਕੀਤਾ ਗਿਆ।ਕਾਮਰੇਡ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਆਯੋਜਤ ਕਨਵੈਨਸ਼ਨ ਵਿੱਚ ਮੁੱਖ ਬੁਲਾਰੇ ਪ੍ਰੋ: ਬਾਵਾ ਸਿੰਘ ਪਟਿਆਲਾ,ਕਰਨੈਲ ਜਖੇਪਲ, ਮਾਸਟਰ ਪਰਮਵੇਦ, ਜੁਝਾਰ ਬਡਰੁੱਖਾਂ, ਗੁਰਮੀਤ ਭੱਟੀਵਾਲ, ਕਾਮਰੇਡ ਸੁਖਦੇਵ ਸ਼ਰਮਾ, ਜਗਜੀਤ ਭੁਟਾਲ, ਕਾਮਰੇਡ ਹਰਦੇਵ ਸਿੰਘ ਬਖਸ਼ੀਵਾਲਾ, ਕਾਮਰੇਡ ਸੰਪੂਰਨ ਸਿੰਘ ਛਾਜਲੀ ਤੇ ਬਲਜੀਤ ਨਮੋਲ ਵੱਲੋਂ ਸਮਾਗਮ ਦੀ ਪ੍ਰਧਾਨਗੀ ਕੀਤੀ ਗਈ।ਇਸ ਮੌਕੇ ਵਿਛੜ ਚੁੱਕੇ ਜਮਹੂਰੀ ਆਗੂਆਂ ਨੂੰ ਸਰਧਾਂਜਲੀ ਦਿੰਦਿਆਂ ਦੋ ਮਿੰਟ ਦਾ ਮੋਨ ਧਾਰਿਆ ਗਿਆ ਉਪਰੰਤ ਪ੍ਰੋ:ਬਾਵਾ ਸਿੰਘ ਪਟਿਆਲਾ ਵੱਲੋਂ ਅਮਰੀਕਾ ਵੱਲੋਂ ਇਰਾਨ ਵਰਗੇ ਮੁਲਕ ਤੇ ਜਬਰੀ ਥੋਪੀਆਂ ਜਾ ਰਹੀਆਂ ਜੰਗਾਂ, ਹੀਰੋ ਸੀਮਾ ਨਾਗਾਸਾਕੀ ਦੇ ਬੇਰਹਿਮ ਵਰਕੇ ਨੂੰ ਫਰੋਲਦਿਆਂ ਅਤੇ ਭਾਰਤੀ ਅਵਾਮ ਦੇ ਲੋਕਤੰਤਰਿਕ ਅਧਿਕਾਰਾਂ ਨੂੰ ਬਚਾਉਣ, ਮਾਨ ਸਰਕਾਰ ਦੇ ਇਸ਼ਾਰੇ ਤੇ ਪੁਲਿਸ ਵੱਲੋਂ ਵੱਖ ਵੱਖ ਵਰਗਾਂ ਦੇ ਹੱਕੀ ਸੰਘਰਸ਼ਾਂ ਨੂੰ ਦਬਾਉਣ ਲਈ ਕੀਤੇ ਜਾ ਰਹੇ ਅਣ-ਮਨੁੱਖੀ ਜਬਰ, ਝੂਠੇ ਪੁਲਿਸ ਮੁਕਾਬਲਿਆਂ, ਬੁਲਡੋਜ਼ਰ ਕਲਚਰ ਤੇ ਚਰਚਾ ਕਰਦਿਆਂ ਇਸ ਖਿਲਾਫ ਲਾਮਬੰਦੀ ਕਰਨ ਦਾ ਸੁਨੇਹਾ ਦਿੱਤਾ ਗਿਆ।ਇਕਾਈ ਪ੍ਰਧਾਨ ਜਗਜੀਤ ਸਿੰਘ ਭੁਟਾਲ ਵੱਲੋਂ ਸਾਰੇ ਪਹੁੰਚੇ ਜਮਹੂਰੀ ਕਾਰਕੁਨਾਂ, ਜਥੇਬੰਦੀਆਂ ਦੇ ਆਗੂਆਂ ਅਤੇ ਕਾਰਕੁਨਾਂ ਨੂੰ ਜੀ ਆਇਆ ਕਿਹਾ, ਓਹਨਾਂ ਮੁਲਕ ਵਿੱਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਅਤੇ ਅਮਰੀਕਾ ਵੱਲੋਂ ਭਾਜਪਾਈ ਭਾਰਤੀ ਹਾਕਮਾਂ ਨਾਲ ਮਿਲ ਕੇ ਖੇਤੀ ਸੈਕਟਰ ਅਤੇ ਮੁਲਕ ਦੀ ਪੂਰੀ ਮੰਡੀ ਤੇ ਕਬਜਾ ਕਰਨ ਦੇ ਸੌੜੇ ਮਨਸੂਬਿਆ ਤੇ ਗੱਲਬਾਤ ਸਾਂਝੀ ਕੀਤੀ। ਮੰਚ ਸੰਚਾਲਨ ਵੈਸਾਖਾ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਦੇ ਰਣਜੀਤ ਸਿੰਘ , ਕਿਰਤੀ ਕਿਸਾਨ ਯੂਨੀਅਨ ਦੇ ਦਰਸ਼ਨ ਕੂਨਰ , ਕ੍ਰਾਂਤੀਕਾਰੀ ਪੇਂਡੂ ਮਜਦੂਰ ਯੂਨੀਅਨ ਦੇ ਬਲਜੀਤ ਨਮੋਲ , ਡੇਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ , ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਰੋਹੀ ਸਿੰਘ ਮੰਗਵਾਲ , ਭਾਰਤੀ ਕਿਸਾਨ ਯੂਨੀਅਨ ਆਜ਼ਾਦ ਦੇ ਸਿੰਦਰਪਾਲ ਸਿੰਘ , ਭਾਰਤੀ ਕਿਸਾਨ ਯੂਨੀਅਨ ਡਕਾਉਂਦਾ ਦੇ , ਤਰਕਸ਼ੀਲ ਸੁਸਾਈਟੀ ਦੇ ਸੀਤਾ ਰਾਮ, ਦੇਸ਼ ਭਗਤ ਯਾਦਗਾਰ ਲੌਂਗੋਵਾਲ ਦੇ ਗੁਰਮੇਲ ਸਿੰਘ, ਆਈ ਡੀ ਪੀ ਦੇ ਫਲਜੀਤ ਸਿੰਘ,ਇਨਕਲਾਬੀ ਵਿਰਾਸਤ ਪ੍ਰਚਾਰ ਮੰਚ ਦੇ ਪਵਨ ਛਾਜਲਾ ਖੇਤ ਮਜ਼ਦੂਰ ਦੇ ਕਾ ਨਿਰੰਜਨ ਸਿੰਘ ਚਨਾਗਰਾ, ਟੈਕਨੀਕਲ ਇੰਪਲਾਈਜ ਯੂਨੀਅਨ ਦੇ ਬਲਜੀਤ ਬਾਲੀਆ ਆਗੂ ਹਾਜ਼ਰ ਸਨ।ਸਭਾ ਦੇ ਵਿੱਤ ਸਕੱਤਰ ਮਨਧੀਰ ਸਿੰਘ ਰਾਜੋਮਾਜਰਾ ਵੱਲੋਂ ਵੱਖ ਵੱਖ ਮਤੇ ਪ੍ਰਵਾਨਗੀ ਲਈ ਪੇਸ਼ ਕੀਤੇ ਗਏ ਜਿਨ੍ਹਾਂ ਵਿੱਚ ਅਮਰੀਕਾ ਇਜਰਾਇਲ ਵੱਲੋਂ ਥੋਪੀ ਸਾਮਰਾਜੀ ਜੰਗ ਤੁਰੰਤ ਬੰਦ ਕਰਨ, ਨੁਕਸਾਨ ਦੀ ਭਰਪਾਈ ਕਰਨ, ਜਿਉਂਦ ਪਿੰਡ ਵਰਗੇ ਅਣਮਨੁੱਖੀ ਜਬਰ ਦੀ ਨਿਖੇਧੀ ਅਤੇ ਜਿੰਮੇਵਾਰ ਅਧਿਕਾਰੀਆਂ ਤੇ ਪਰਚੇ ਦਰਜ਼ ਕਰਨ, ਚੰਡੀਗੜ੍ਹ ਅਤੇ ਮੁਹਾਲੀ ਵਿੱਚ ਹੱਕੀ ਮੰਗਾਂ ਲਈ ਸੰਘਰਸ਼ ਕਰਦੇ ਮੁਲਾਜ਼ਮ ਵਰਗ ਤੇ ਪੁਲਿਸ ਤਸੱਦਦ ਦੀ ਨਿਖੇਧੀ,ਬਸਤਰ ਦੇ ਇਲਾਕੇ ਵਿੱਚ ਆਦਿ ਵਾਸੀਆਂ ਅਤੇ ਮਾਓਵਾਦੀਆਂ ਨੂੰ ਮਾਰਨ ਅਤੇ ਅਧਿਕਾਰਾਂ ਨੂੰ ਖੋਹਣ ਦੀ ਨਿਖੇਧੀ, ਉਮਰ ਖਾਲਿਦ, ਸਰਜ਼ੀਲ ਇਮਾਮ ਵਰਗੇ ਅਤੇ ਹੋਰ ਅਨੇਕਾਂ ਸਿਆਸੀ ਕੈਦੀਆਂ ਜੋ ਬਿਨ ਮੁਕੱਦਮਾ ਚੱਲਿਆ ਜੇਲ੍ਹਾਂ ਵਿੱਚ ਨਜ਼ਰ ਬੰਦ ਹਨ ਨੂੰ ਰਿਹਾ ਕਰਨ, ਬਿਜਲੀ ਸੋਧ ਅਤੇ ਬੀਜ ਸੋਧ ਬਿਲ ਵਾਪਿਸ ਲੈਣ, ਵਕਫ ਸੋਧ ਬਿੱਲ ਜਿਸ ਰਾਹੀਂ ਘੱਟ ਗਿਣਤੀਆਂ ਵਿਸ਼ੇਸ ਕਰਕੇ ਮੁਸਲਮਾਨਾਂ ਨੂੰ ਰਾਜਕੀ ਪ੍ਰਬੰਧ ਵੱਲੋਂ ਨਿਸ਼ਾਨਾ ਬਣਾਇਆ ਜਾ ਰਿਹਾ ਨੂੰ ਤੁਰੰਤ ਰੱਦ, ਜੀ ਰ ਰਾਮ ਜੀ ਸਕੀਮ ਬੰਦ ਕਰਕੇ ਦਵਾਰਾ ਮਨਰੇਗਾ ਸ਼ੁਰੂ ਕਰਨ ਅਤੇ ਗੈਂਗਸਟਰਾਂ ਨੂੰ ਖਤਮ ਕਰਨ ਦੇ ਨਾਂ ਪੰਜਾਬ ਵਿੱਚ ਝੂਠੇ ਮੁਕਾਬਲਿਆਂ ਵਿੱਚ ਨੌਜਵਾਨਾਂ ਨੂੰ ਮਾਰਨ ,ਬਲਡੋ-ਦਰ ਕਲਚਰ ਖਤਮ ਕਰਨਾ ਸ਼ਾਮਿਲ ਹਨ ਜਿਨ੍ਹਾਂ ਨੂੰ ਹਾਊਸ ਵੱਲੋਂ ਹੱਥ ਖੜੇ ਕਰਕੇ ਪ੍ਰਵਾਨਗੀ ਦਿੱਤੀ ਗਈ। ਕਨਵੈਂਨਸ਼ਨ ਉਪਰੰਤ ਸ਼ਹਿਰ ਵਿੱਚ ਰੋਹ ਭਰਭੂਰ ਮੁਜ਼ਾਹਰਾ ਕੀਤਾ ਗਿਆ,ਅਮਰੀਕਾ ਅਤੇ ਇਜਰਾਇਲ ਵੱਲੋਂ ਥੋਪੀਆਂ ਜਾ ਰਹੀਆਂ ਜੰਗਾਂ, ਇਰਾਨੀ ਅਵਾਮ ਦੇ ਕਤਲੇਆਮ ਨੂੰ ਤੁਰੰਤ ਬੰਦ ਕਰਨ ਦੇ ਰੋਹ ਭਰਭੂਰ ਨਾਹਰੇ ਲਗਾਏ ਗਏ। ਅੰਤ ਤੇ ਸਭਾ ਦੇ ਮੀਤ ਪ੍ਰਧਾਨ ਵੱਲੋਂ ਸਾਰੀਆਂ ਜਥੇਬੰਦੀਆਂ ਦੇ ਕਾਰਕੁਨਾਂ ਦਾ ਧੰਨਵਾਦ ਕੀਤਾ ਗਿਆ।ਇਸ ਮੌਕੇ ਕੁਲਵਿੰਦਰ ਬੰਟੀ , ਜੁਝਾਰ ਲੌਂਗੋਵਾਲ, ਜਗਜੀਤ ਭੁਟਾਲ, ਕਾ ਨਿਰਮਲ ਸਿੰਘ, ਚਰਨਜੀਤ ਮੀਮਸਾ ਵੱਲੋਂ ਇਨਕਲਾਬੀ ਅਤੇ ਅਗਾਂਹਵਧੂ ਰਚਨਾਵਾਂ ਵੀ ਪੇਸ਼ ਕੀਤੀਆਂ ਗਈਆਂ।

**ਜਗਜੀਤ ਭੂਟਾਲ,**
**ਪ੍ਰਧਾਨ ਇਕਾਈ**
**ਸੰਗਰੂਰ**
**9872071050**

# ਬੀਐਲਐਮ ਗਰਲਜ ਕਾਲੇਜ ਵਿੱਚ ਪਾਣੀ ਸੰਭਾਲ ਵਿਸ਼ੇ ਤੇ ਸੈਮੀਨਾਰ ਕਰਵਾਇਆ

**ਨਵਾਸ਼ਹਿਰ 13 ਮਾਰਚ (ਮਨੋਰੰਜਨ ਕਾਲੀਆ )** ਬੀ.ਐਲ.ਐਮ ਗਰਲਜ਼ ਕਾਲਜ, ਨਵਾਂ ਸ਼ਹਿਰ ਵਿਖੇ ਐਨ.ਐਸ.ਐਸ ਵਿਭਾਗ ਦੀ ਮੁਖੀ ਡਾ. ਹਰਦੀਪ ਕੌਰ ਵੱਲੋਂ ਅਤੇ ਪਿ੍ਰੰਸੀਪਲ ਤਰਨਪ੍ਰੀਤ ਕੌਰ ਵਾਲੀਆ ਦੀ ਰਹਿਨੁਮਾਈ ਹੇਠ ਪਾਣੀ ਸੰਰੱਖਣ ਵਿਸ਼ੇ 'ਤੇ ਇੱਕ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਵਜੋਂ ਕ੍ਰਿਸ਼ਨ ਕੁਮਾਰ ਦੁੱਗਲ, ਵਾਟਰ ਐਂਡ ਸੋਇਲ ਕਨਜ਼ਰਵੇਸ਼ਨ ਅਫਸਰ, ਨਵਾਂ ਸ਼ਹਿਰ ਨੇ ਸ਼ਿਰਕਤ ਕੀਤੀ। ਆਪਣੇ ਸੰਬੋਧਨ ਦੌਰਾਨ ਉਨ੍ਹਾਂ ਪਾਣੀ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਬਾਣੀ ਵਿੱਚ ਵੀ ਪਾਣੀ ਦੀ ਮਹਾਨਤਾ ਦਾ ਜ਼ਿਕਰ ਕੀਤਾ ਗਿਆ ਹੈ – "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ।" ਉਨ੍ਹਾਂ ਦੱਸਿਆ ਕਿ ਧਰਤੀ 'ਤੇ ਮੌਜੂਦ ਕੁੱਲ ਪਾਣੀ ਵਿੱਚੋਂ



ਲਗਭਗ 98 ਫੀਸਦੀ ਪਾਣੀ ਖਾਰਾ ਹੈ ਅਤੇ ਕੇਵਲ 2 ਫੀਸਦੀ ਪਾਣੀ ਹੀ ਪੀਣ ਯੋਗ ਹੈ, ਜਿਸ ਦਾ ਵੱਡਾ ਹਿੱਸਾ ਗਲੇਸ਼ੀਅਰਾਂ ਅਤੇ ਬਰਫ਼ ਦੇ ਰੂਪ ਵਿੱਚ ਜਮਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਖੇਤੀਬਾੜੀ ਲਈ ਧਰਤੀ ਹੇਠਲੇ ਪਾਣੀ ਦਾ ਬੇਹੱਦ ਇਸਤੇਮਾਲ ਹੋ ਰਿਹਾ ਹੈ ਅਤੇ ਕਈ ਖੇਤਰ ਓਵਰ-ਐਕਸਪਲੋਇਟਡ ਜ਼ੋਨ ਬਣ ਚੁੱਕੇ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਵਰਖਾ ਦੇ ਪਾਣੀ ਦੀ ਸੰਭਾਲ ਅਤੇ ਪਾਣੀ ਦੀ ਸਮਝਦਾਰੀ ਨਾਲ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰਸੀਪਲ ਤਨਪ੍ਰੀਤ ਕੌਰ ਵਾਲੀਆ ਨੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਸਨਮਾਨ ਚਿੰਨ ਭੇਂਟ ਕੀਤਾ ਅਤੇ ਕਿਹਾ ਕਿ ਪਾਣੀ ਦੀ ਸੰਭਾਲ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਇਹ ਸੰਦੇਸ਼ ਸਮਾਜ ਤੱਕ ਪਹੁੰਚਾਇਆ ਜਾਵੇ ਤਾਂ ਜੋ ਭਵਿੱਖ ਦੀਆਂ ਪੀੜੀਆਂ ਲਈ ਪਾਣੀ ਦੇ ਸਰੋਤ ਸੁਰੱਖਿਅਤ ਰਹਿ ਸਕਣ। ਇਸ ਸੈਮੀਨਾਰ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਡਾ. ਰੂਬੀ ਬਾਲਾ, ਨਿਵੇਦਿਤਾ, ਗੁਰਭਿੰਦਰ ਕੌਰ, ਪੂਜਾ ਅਰੋੜਾ, ਰੰਜਨਾ ਅਤੇ ਓਂਕਾਰ ਸਿੰਘ ਸਮੇਤ ਕਾਲਜ ਦਾ ਸਟਾਫ ਵੀ ਮੌਜੂਦ ਸੀ। ਮੰਚ ਦਾ ਸੰਚਾਲਨ ਪ੍ਰੋਫੈਸਰ ਮੀਨਾਕਸ਼ੀ ਵੱਲੋਂ ਕੀਤਾ ਗਿਆ।

# ਬ੍ਰਹਮਲੀਨ ਸੰਤ ਸੁਰਿੰਦਰ ਦਾਸ ਕੂਪੁਰ-ਢੇਪੁਰ, ਕਠਾਰ ਵਾਲਿਆਂ ਦੀ ਪੰਜਵਾਂ ਸਾਲਾਨਾ ਬਰਸੀ ਸਮਾਗਮ ਬੜੀ ਸ਼ਰਧਾ ਨਾਲ ਮਨਾਇਆ ਗਿਆ

**ਹੁਸ਼ਿਆਰਪੁਰ / ਕਠਾਰ** 13 **ਮਾਰਚ ( ਤਰਸੇਮ ਦੀਵਾਨਾ )** – ਡੇਰਾ ਸੱਚਖੰਡ ਬੱਲਾਂ ਦੇ ਬਰਸੋਏ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਕੂਪੁਰ-ਢੇਪੁਰ ਅੱਡਾ ਕਠਾਰ ਵਾਲਿਆਂ ਦਾ ਪੰਜਵਾਂ ਸਾਲਾਨਾ ਬਰਸੀ ਸਮਾਗਮ ਡੇਰਾ ਸੱਚਖੰਡ ਬੱਲਾਂ ਦੇ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਮਹਾਰਾਜ ਦੀ ਸਰਪ੍ਰਸਤੀ ਹੇਠ ਸ਼ਰਧਾ ਸਹਿਤ ਮਨਾਇਆ ਗਿਆ। ਸਮਾਗਮ ਦੌਰਾਨ ਸੰਤ ਪ੍ਰਦੀਪ ਦਾਸ (ਮੁੱਖ ਸੇਵਾਦਾਰ, ਸੰਤ ਹਰੀ ਦਾਸ ਉਦਾਸੀਨ ਆਸ਼ਰਮ ਧਾਮ, ਕਠਾਰ) ਨੇ ਸੰਤ ਪ੍ਰਵਚਨ ਕਰਦਿਆਂ ਕਿਹਾ ਕਿ ਬ੍ਰਹਮਲੀਨ ਸੰਤ ਸੁਰਿੰਦਰ ਦਾਸ ਜੀ ਨੇ ਆਪਣਾ ਸਮੁੱਚਾ ਜੀਵਨ ਸਤਿਗੁਰੂ ਰਵਿਦਾਸ ਮਿਸ਼ਨ ਦੇ ਪ੍ਰਚਾਰ-ਪ੍ਰਸਾਰ,ਮਾਨਵ ਕਲਿਆਣ ਅਤੇ ਕੌਮ ਦੇ ਮਹਾਨ ਤੀਰਥ ਅਸਥਾਨ ਸੀਰ ਗੋਵਰਧਨਪੁਰ (ਕਾਂਸ਼ੀ ਬਨਾਰਸ) ਦੇ ਮੰਦਰ ਦੀ ਸੇਵਾ ਲਈ ਅਰਪਣ ਕਰ ਦਿੱਤਾ ਸੀ। ਉਨ੍ਹਾਂ ਦੀਆਂ ਨਿਸ਼ਕਾਮ ਸੇਵਾਵਾਂ ਸਮਾਜ ਲਈ ਹਮੇਸ਼ਾ ਪ੍ਰੇਰਨਾ ਸਰੋਤ ਰਹਿਣਗੀਆਂ।



ਬਰਸੀ ਸਮਾਗਮ ਮੌਕੇ ਪਾਵਨ ਬਾਣੀ ਦੇ ਸੰਪਟ ਪਾਠ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਉਪਰੰਤ ਪ੍ਰਸਿੱਧ ਮਿਸ਼ਨਰੀ ਗਾਇਕਾਂ, ਕੀਰਤਨੀ ਜਥਿਆਂ ਅਤੇ ਸੰਤ ਮਹਾਂਪੁਰਸ਼ਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਦੀ ਮਹਿਮਾ ਦਾ ਗੁਣਗਾਣ ਕੀਤਾ ਅਤੇ ਬ੍ਰਹਮਲੀਨ ਬਰਸੀ ਸਮਾਗਮ ਦੌਰਾਨ ਸੰਤ ਨਿਰੰਜਨ ਦਾਸ ਮਹਾਰਾਜ ਜੀ ਨਾਲ ਸੰਤ ਪ੍ਰਦੀਪ ਦਾਸ ਅਤੇ ਸੰਤ ਲੇਖਰਾਜ ਨੂਰਪੁਰ ਵਾਲੇ, ਸੰਤ ਇੰਦਰ ਦਾਸ ਮੇਘੋਵਾਲ, ਸੰਤ ਲੇਖਰਾਜ ਨੂਰਪੁਰ, ਸੰਤ ਲਖਵਿੰਦਰ ਸਿੰਘ, ਸੰਤ ਜਸਪਾਲ ਸਿੰਘ, ਸੰਤ ਨਿਰਮਲ ਸਿੰਘ, ਸੰਤ ਬਲਵੰਤ ਸਿੰਘ ਅਤੇ ਹੋਰ ਅਨੇਕਾਂ ਸੰਤ ਮਹਾਪੁਰਸ਼ ਹਾਜ਼ਰ ਸਨ। ਰਾਜਨੀਤਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਵਿਚ ਸ਼ਮਸ਼ੇਰ ਸਿੰਘ ਦੂਲੋ ਸਾਬਕਾ ਕੈਬਨਿਟ ਮੰਤਰੀ, ਸਾਬਕਾ ਵਿਧਾਇਕ ਰਜਿੰਦਰ ਕੁਮਾਰ, ਮੈਜਿਸਟ੍ਰੇਟ ਲਛਮਣ ਦਾਸ ਯੂ.ਕੇ., ਸੋਹਣ ਲਾਲ ਢੰਡਾ ਯੂ.ਕੇ., ਵਰਿੰਦਰ ਬੰਗੜ ਕੈਨੇਡਾ, ਅਤੇ ਜਰਨੈਲ ਸਿੰਘ ਜੱਜ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਸਮਾਗਮ ਦੇ ਅਖ਼ੀਰ ਵਿੱਚ ਸੰਤ ਨਿਰੰਜਨ ਦਾਸ ਮਹਾਰਾਜ ਅਤੇ ਸੰਤ ਪ੍ਰਦੀਪ ਦਾਸ ਵੱਲੋਂ ਆਈਆਂ ਹੋਈਆਂ ਨਾਮੀ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। **ਫੋਟੋ ਅਜਮੇਰ ਦੀਵਾਨਾ**

# ਔਰਤ ਦਾ ਸਨਮਾਨ ਅਤੇ ਸਿਆਸਤ ਦੀ ਨੈਤਿਕਤਾ: ਕੀ ਸਾਡੇ ਨੇਤਾ ਸੱਚਮੁੱਚ ਸਿੱਖ ਰਹੇ ਹਨ?

ਪੰਜਾਬ ਦੀ ਸਿਆਸਤ ਵਿੱਚ ਸਮੇਂ-ਸਮੇਂ ‘ਤੇ ਕਈ ਵਿਵਾਦ ਉਭਰਦੇ ਰਹਿੰਦੇ ਹਨ, ਪਰ ਕੁਝ ਮਾਮਲੇ ਅਜਿਹੇ ਹੁੰਦੇ ਹਨ ਜੋ ਸਿਰਫ਼ ਰਾਜਨੀਤਿਕ ਨਹੀਂ ਰਹਿੰਦੇ, ਸਗੋਂ ਸਮਾਜਕ ਸੋਚ ਅਤੇ ਨੈਤਿਕ ਮਿਆਰਾਂ ‘ਤੇ ਵੀ ਸਵਾਲ ਖੜੇ ਕਰ ਦਿੰਦੇ ਹਨ। ਹਾਲ ਹੀ ਵਿੱਚ ਉੱਠੇ ਇਕ ਵਿਵਾਦ ਨੇ ਮੁੜ ਇਹ ਸੋਚਣ ਲਈ ਮਜਬੂਰ ਕਰ ਦਿੱਤਾ ਹੈ ਕਿ ਕੀ ਸਾਡੇ ਨੇਤਾ ਸੱਚਮੁੱਚ ਔਰਤਾਂ ਦੀ ਇੱਜ਼ਤ ਅਤੇ ਬਰਾਬਰੀ ਬਾਰੇ ਗੰਭੀਰ ਹਨ ਜਾਂ ਇਹ ਸਾਰੀਆਂ ਗੱਲਾਂ ਸਿਰਫ਼ ਭਾਸ਼ਣਾਂ ਤੱਕ ਹੀ ਸੀਮਿਤ ਹਨ।

ਕਿਹਾ ਜਾ ਰਿਹਾ ਹੈ ਕਿ ਕਾਲਜ ਦੇ ਦਿਨਾਂ ਵਿੱਚ ਇੱਕ ਸਾਥੀ ਕੁੜੀ ਨੂੰ “ਭਾਬੀ” ਕਹਾ ਕੇ ਉਸਦੀ ਬਦਨਾਮੀ ਕੀਤੀ ਗਈ ਸੀ। ਹੁਣ ਲਗਭਗ ਤਿੰਨ ਦਹਾਕਿਆਂ ਬਾਅਦ, ਜਦੋਂ ਪੂਰੀ ਦੁਨੀਆ ਅੰਤਰਰਾਸ਼ਟਰੀ ਮਹਿਲਾ ਦਿਵਸ ਮਨਾਉਂਦੀ ਹੈ ਅਤੇ ਔਰਤਾਂ ਦੇ ਅਧਿਕਾਰਾਂ ਤੇ ਸਨਮਾਨ ਦੀ ਗੱਲ ਕੀਤੀ ਜਾਂਦੀ ਹੈ, ਉਸੇ ਮਾਮਲੇ ਦਾ ਜਨਤਕ ਮੰਚ ਤੋਂ ਹਾਸਿਆਂ ਭਰੇ ਅੰਦਾਜ਼ ਵਿੱਚ ਜ਼ਿਕਰ ਕਰਨਾ ਕਈ ਸਵਾਲ ਖੜੇ ਕਰਦਾ ਹੈ।

ਸਵਾਲ ਇਹ ਨਹੀਂ ਕਿ ਇਹ ਗੱਲ ਕਦੋਂ ਹੋਈ ਸੀ ਜਾਂ ਕਿਸ ਸੰਦਰਭ ਵਿੱਚ ਕਹੀ ਗਈ। ਅਸਲ ਸਵਾਲ ਇਹ ਹੈ ਕਿ ਕੀ ਕਿਸੇ ਵੀ ਔਰਤ ਦਾ ਨਾਮ ਲੈ ਕੇ ਜਾਂ ਉਸ ਨਾਲ ਜੁੜੀ ਪੁਰਾਣੀ ਘਟਨਾ ਦਾ ਮਜ਼ਾਕ ਬਣਾਉਣਾ ਕਿਸੇ ਜ਼ਿੰਮੇਵਾਰ ਨੇਤਾ ਨੂੰ ਸੋਭਦਾ ਹੈ? ਜਦੋਂ ਕੋਈ ਵਿਅਕਤੀ ਮੁੱਖ ਮੰਤਰੀ ਵਰਗੇ ਉੱਚ ਅਹੁਦੇ ‘ਤੇ ਬੈਠਾ ਹੋਵੇ, ਤਾਂ ਉਸਦੇ ਹਰ ਸ਼ਬਦ ਦਾ ਪ੍ਰਭਾਵ ਸਮਾਜ ‘ਤੇ ਪੈਂਦਾ ਹੈ।

ਅੱਜ ਦੇ ਸਮੇਂ ਵਿੱਚ ਔਰਤਾਂ ਦੀ ਸੁਰੱਖਿਆ, ਸਨਮਾਨ ਅਤੇ ਬਰਾਬਰੀ ਦੇ ਮਸਲੇ ‘ਤੇ ਦੇਸ਼ ਭਰ ਵਿੱਚ ਵੱਡੀਆਂ ਚਰਚਾਵਾਂ ਹੁੰਦੀਆਂ ਹਨ। ਸਰਕਾਰਾਂ ਵੱਲੋਂ ਕਈ ਯੋਜਨਾਵਾਂ ਅਤੇ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਤਾਂ ਜੋ ਸਮਾਜ ਵਿੱਚ ਔਰਤਾਂ ਨੂੰ ਸਨਮਾਨ ਮਿਲੇ। ਪਰ ਜਦੋਂ ਸਿਆਸਤਦਾਨ ਖੁਦ ਅਜਿਹੀਆਂ ਟਿੱਪਣੀਆਂ ਕਰਦੇ ਹਨ ਜੋ ਔਰਤਾਂ ਦੀ ਇੱਜ਼ਤ ਨੂੰ ਠੇਸ ਪਹੁੰਚਾਉਂਦੀਆਂ ਦਿਸਦੀਆਂ ਹਨ, ਤਾਂ ਇਹ ਸਾਰੇ ਦਾਅਵੇ ਕਮਜ਼ੋਰ ਪੈ ਜਾਂਦੇ ਹਨ।

ਇਸ ਮਾਮਲੇ ਨਾਲ ਜੁੜੀ ਇੱਕ ਹੋਰ ਚਰਚਾ ਇਹ ਵੀ ਹੈ ਕਿ ਜਨਤਕ ਸਮਾਗਮਾਂ ਦੌਰਾਨ ਕਈ ਵਾਰ ਔਰਤਾਂ ਨੂੰ ਸਿਰਫ਼ ਸਵਾਗਤ ਜਾਂ ਸਜਾਵਟੀ ਤੱਤ ਵਜੋਂ ਹੀ ਪੇਸ਼ ਕੀਤਾ ਜਾਂਦਾ ਹੈ। ਜੇਕਰ ਕਿਸੇ ਸਮਾਗਮ ਵਿੱਚ ਸਵਾਗਤ ਲਈ ਆਈਆਂ ਔਰਤਾਂ ਦਾ ਮਜ਼ਾਕ ਬਣਾਇਆ ਜਾਵੇ, ਤਾਂ ਇਹ ਸਿਰਫ਼ ਇੱਕ ਟਿੱਪਣੀ ਨਹੀਂ ਰਹਿੰਦੀ, ਸਗੋਂ ਸਮਾਜ ਵਿੱਚ ਮੌਜੂਦ ਉਸ ਸੋਚ ਨੂੰ ਦਰਸਾਉਂਦੀ ਹੈ ਜੋ ਅਜੇ ਵੀ ਔਰਤਾਂ ਨੂੰ ਪੂਰਾ ਸਨਮਾਨ ਦੇਣ ਲਈ ਤਿਆਰ ਨਹੀਂ।



ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਸਿਆਸਤ ਵਿੱਚ ਨੇਤਾਵਾਂ ਦਾ ਵਿਹਾਰ ਸਮਾਜ ਲਈ ਇਕ ਮਿਸਾਲ ਬਣਦਾ ਹੈ। ਲੋਕ ਆਪਣੇ ਨੇਤਾਵਾਂ ਤੋਂ ਸਿੱਖਦੇ ਹਨ। ਜੇਕਰ ਜਨਤਕ ਮੰਚਾਂ ‘ਤੇ ਔਰਤਾਂ ਬਾਰੇ ਹਲਕੀਆਂ ਟਿੱਪਣੀਆਂ ਕੀਤੀਆਂ ਜਾਣਗੀਆਂ, ਤਾਂ ਇਹ ਸੰਦੇਸ਼ ਜਾਵੇਗਾ ਕਿ ਅਜਿਹਾ ਕਰਨਾ ਸਧਾਰਨ ਗੱਲ ਹੈ। ਇਹ ਸਮਾਜ ਲਈ ਬਹੁਤ ਖਤਰਨਾਕ ਰੁਝਾਨ ਹੋ ਸਕਦਾ ਹੈ।

ਇਸ ਸਾਰੇ ਵਿਵਾਦ ਨੇ ਇੱਕ ਹੋਰ ਵੱਡਾ ਸਵਾਲ ਵੀ ਖੜਾ ਕਰ ਦਿੱਤਾ ਹੈ—ਸਿਆਸਤ ਵਿੱਚ ਨੈਤਿਕਤਾ ਦਾ ਮਾਪਦੰਡ ਕੀ ਹੈ? ਕੀ ਸਿਰਫ਼ ਵਿਰੋਧੀਆਂ ਦੀ ਆਲੋਚਨਾ ਕਰਨਾ ਹੀ ਕਾਫ਼ੀ ਹੈ ਜਾਂ ਆਪਣੇ ਵਿਹਾਰ ਨੂੰ ਵੀ ਉਸੇ ਮਾਪਦੰਡ ‘ਤੇ ਪਰਖਣਾ ਚਾਹੀਦਾ ਹੈ? ਜੇਕਰ ਕਿਸੇ ਬਿਆਨ ਨਾਲ ਕਿਸੇ ਦੀ ਭਾਵਨਾ ਦੁਖੀ ਹੁੰਦੀ ਹੈ ਜਾਂ ਸਮਾਜ ਵਿੱਚ ਗਲਤ ਸੰਦੇਸ਼ ਜਾਂਦਾ ਹੈ, ਤਾਂ ਇੱਕ ਜ਼ਿੰਮੇਵਾਰ ਨੇਤਾ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਗੱਲ ਦੀ ਸਪਸ਼ਟੀਕਰਨ ਦੇਵੇ ਅਤੇ ਜ਼ਰੂਰਤ ਪੈਣ ‘ਤੇ ਮਾਫ਼ੀ ਵੀ ਮੰਗੇ। ਅਸਲ ਨੇਤ੍ਰਿਤਵ ਸਿਰਫ਼ ਚੋਣਾਂ ਜਿੱਤਣ ਜਾਂ ਵੱਡੇ ਅਹੁਦੇ ਹਾਸਲ ਕਰਨ ਨਾਲ ਨਹੀਂ ਸਾਬਤ ਹੁੰਦਾ। ਅਸਲ ਨੇਤ੍ਰਿਤਵ ਉਸ ਸਮੇਂ ਸਾਹਮਣੇ ਆਉਂਦਾ ਹੈ ਜਦੋਂ ਕੋਈ ਨੇਤਾ ਆਪਣੀ ਗਲਤੀ ਮੰਨਣ ਦੀ ਹਿੰਮਤ ਰੱਖਦਾ ਹੈ ਅਤੇ ਸਮਾਜ ਨੂੰ ਸਹੀ ਸੰਦੇਸ਼ ਦੇਣ ਲਈ ਕਦਮ ਚੁੱਕਦਾ ਹੈ।

ਅੱਜ ਜਦੋਂ ਸਮਾਜ ਤੇਜ਼ੀ ਨਾਲ ਬਦਲ ਰਿਹਾ ਹੈ ਅਤੇ ਔਰਤਾਂ ਹਰ ਖੇਤਰ ਵਿੱਚ ਅੱਗੇ ਵੱਧ ਰਹੀਆਂ ਹਨ, ਤਾਂ ਸਿਆਸਤ ਨੂੰ ਵੀ ਆਪਣੀ ਭਾਸ਼ਾ ਅਤੇ ਸੋਚ ਵਿੱਚ ਬਦਲਾਅ ਲਿਆਉਣਾ ਪਵੇਗਾ। ਕਿਉਂਕਿ ਜੇਕਰ ਸਿਆਸਤ ਹੀ ਪੁਰਾਣੀਆਂ ਅਤੇ ਗਲਤ ਧਾਰਣਾਵਾਂ ਨੂੰ ਜਿਉਂਦਾ ਰੱਖੇਗੀ, ਤਾਂ ਸਮਾਜ ਵਿੱਚ ਅਸਲੀ ਬਦਲਾਅ ਕਿਵੇਂ ਆਵੇਗਾ?

ਇਸ ਲਈ ਇਹ ਮਾਮਲਾ ਸਿਰਫ਼ ਇੱਕ ਵਿਵਾਦ ਨਹੀਂ, ਸਗੋਂ ਇੱਕ ਸਬਕ ਵੀ ਹੈ। ਇਹ ਸਬਕ ਹੈ ਕਿ ਸੱਤਾ ਵਿੱਚ ਬੈਠੇ ਹਰ ਵਿਅਕਤੀ ਨੂੰ ਆਪਣੇ ਸ਼ਬਦਾਂ ਦੀ ਜ਼ਿੰਮੇਵਾਰੀ ਸਮਝਣੀ ਚਾਹੀਦੀ ਹੈ। ਔਰਤਾਂ ਦਾ ਸਨਮਾਨ ਸਿਰਫ਼ ਇੱਕ ਦਿਨ ਮਨਾਉਣ ਨਾਲ ਨਹੀਂ, ਸਗੋਂ ਹਰ ਦਿਨ ਦੇ ਵਿਹਾਰ ਨਾਲ ਸਾਬਤ ਹੁੰਦਾ ਹੈ।

ਅੰਤ ਵਿੱਚ, ਸਮਾਜ ਦੀ ਉਮੀਦ ਸਿਰਫ਼ ਇਹ ਹੈ ਕਿ ਸਾਡੇ ਨੇਤਾ ਉਹੀ ਗੱਲਾਂ ਅਮਲ ਵਿੱਚ ਵੀ ਲਿਆਉਣ ਜੋ ਉਹ ਮੰਚਾਂ ਤੋਂ ਕਹਿੰਦੇ ਹਨ। ਕਿਉਂਕਿ ਜੇਕਰ ਸਿਆਸਤ ਵਿੱਚ ਨੈਤਿਕਤਾ ਅਤੇ ਸੰਵੇਦਨਸ਼ੀਲਤਾ ਨਹੀਂ ਹੋਵੇਗੀ, ਤਾਂ ਲੋਕਤੰਤਰ ਦੀ ਆਤਮਾ ਵੀ ਕਮਜ਼ੋਰ ਪੈ ਜਾਵੇਗੀ।



ਗੁਰਭਿੰਦਰ ਗੁਰੀ

# ਕੌਫ਼ੀ ਵਿਦ ਸ਼ਿਵਾ ਮੇਡੀਕੋਜ਼ ਕਪਲ

ਅਮੂਮਨ ਦੇਖਿਆ ਗਿਆ ਹੈ ਜਦੋਂ ਕੋਈ ਔਰਤ ਆਪਣੇ ਪਤੀ ਦੇ ਮੋਢੇ ਨਾਲ ਮੋਢਾ ਲਗਾਕੇ ਖੜ੍ਹਦੀ ਹੈ ਤਾਂ ਕੁਦਰਤ ਵੀ ਉਸਦਾ ਸਾਥ ਦੇਣ ਲੱਗਦੀ ਹੈ। ਅੱਜਕਲ੍ਹ ਦਾ ਬਿਜਨਸ ਇਕੱਲੇ ਆਦਮੀ ਦੇ ਵੱਸ ਦਾ ਨਹੀਂ ਰਿਹਾ। ਵਫ਼ਾਦਾਰ ਮੁਲਾਜਮ ਘੱਟ ਮਿਲਦੇ ਹਨ ਤੇ ਭਾਈਵਾਲ ਦੇ ਦਿਲ ਵਿੱਚ ਅਕਸਰ ਹੀ ਮੈਲ ਹੁੰਦੀ ਹੈ। ਫਿਰ ਪਤਨੀ ਤੋਂ ਵਧੀਆ ਬਿਜਨਸ ਪਾਰਟਨਰ ਕੋਈ ਹੋਰ ਨਹੀਂ ਹੋ ਸਕਦਾ। ਮੇਰੀ ਅੱਜ ਦੀ ਕੌਫ਼ੀ ਦੇ ਮਹਿਮਾਨ ਸ੍ਰੀ ਅਮਿਤ ਕੁਮਾਰ ਅਤੇ ਸ੍ਰੀਮਤੀ ਸ਼ਾਲੂ ਅਮਿਤ ਕੁਮਾਰ ਸਨ ਜੋ ਆਦੇਸ਼ ਮੈਡੀਕਲ ਦੇ ਨਜ਼ਦੀਕ ਸ਼ਿਵਾ ਮੇਡੀਕੋਜ਼ ਦੇ ਨਾਮ ਤੇ ਆਪਣਾ ਮੈਡੀਕਲ ਸਟੋਰ ਚਲਾਉਂਦੇ ਹਨ। ਭਾਵੇਂ ਇੱਥੇ ਇਹ ਪੰਜ ਛੇ ਸਾਲ ਹੀ ਪਹਿਲਾਂ ਆਏ ਹਨ ਉਸ ਤੋਂ ਪਹਿਲਾਂ ਇਹ ਜੋੜੀ ਸਰਕਾਰੀ ਹਸਪਤਾਲ ਕੋਲ੍ਹ ਆਪਣਾ ਦਵਾਈਆਂ ਦਾ ਕੰਮ ਕਰਦੀ ਸੀ। ਕੁਝ ਸਮਾਂ ਇਹਨਾਂ ਨੇ ਕੁਲਾਰ ਹਸਪਤਾਲ ਵਿੱਚ ਵੀ ਆਪਣਾ ਮੈਡੀਕਲ ਸਟੋਰ ਚਲਾਇਆ ਹੈ।



ਸ੍ਰੀ ਕੁਮਾਰ ਨੇ ਹਾਲ ਹੀ ਵਿੱਚ ਡੀ ਫਾਰਮੇਸੀ ਕੀਤੀ ਹੈ ਤੇ ਉਸ ਕੋਲ੍ਹ ਇਸ ਲਾਈਨ ਦਾ ਲੰਮਾ ਤਜ਼ੁਰਬਾ ਹੈ। ਮੈਡਮ ਸ਼ਾਲੂ ਪੋਸਟ ਗਰੈਜੂਏਟ ਹੈ ਅਤੇ ਇਕ ਕਾਬਿਲ ਟੀਚਰ ਬਣਨ ਦੇ ਯੋਗ ਹੈ ਪ੍ਰੰਤੂ ਉਸਨੂੰ ਮੈਡੀਕਲ ਲਾਈਨ ਦਾ ਤਜ਼ੁਰਬਾ ਹੋ ਗਿਆ ਹੈ। ਉਹ ਗੱਲਬਾਤ ਵਿੱਚ ਤੇਜਤਰਾਰ ਹੋਣ ਕਰਕੇ ਇੱਕ ਸਫਲ ਬਿਜਨਸਮੈਨ ਵਜੋਂ ਉਭਰ ਰਹੀ ਹੈ। ਉਸ ਵਿੱਚ ਇੱਕ ਵਧੀਆ ਇਨਸਾਨ ਦੇ ਗੁਣ ਹਨ ਅਤੇ ਵਾਣੀ ਵਿੱਚ ਲਿਆਕਤ ਹੈ। ਓਹਨਾ ਦਾ ਬੋਲਣ ਦਾ ਤਰੀਕਾ ਤੇ ਸਲੀਕਾ ਹੀ ਇਹਨਾਂ ਦੀ ਸਫਲਤਾ ਦਾ ਰਾਜ ਹੈ। ਹਲੀਮੀ ਨਿਮਰਤਾ ਅਤੇ ਇਮਾਨਦਾਰੀ ਦੁਕਾਨਦਾਰੀ ਦਾ ਗਹਿਣਾ ਹੁੰਦੀਆਂ ਹਨ। ਉਹ ਦੇਰ ਰਾਤ ਮੇਰੀਆਂ ਪੈਂਡਿੰਗ ਦਵਾਈਆਂ ਦੇਣ #114ਸ਼ੀਸ਼ਮਹਿਲ ਆਏ ਸਨ ਅਤੇ ਇਸ ਤੋਂ ਬਾਅਦ ਉਹਨਾਂ ਨੇ ਘਰੇ ਜਾਕੇ ਰੋਟੀ ਟੁੱਕ ਦਾ ਆਹਰ ਵੀ ਕਰਨਾ ਸੀ। ਇਹ ਅੱਜ ਦੀ ਹੀ ਗੱਲ ਨਹੀਂ ਇਹ ਤਾਂ ਇਹਨਾਂ ਦੀ ਰੋਜ਼ ਦੀ ਪ੍ਰੈਕਟਿਸ ਹੈ। ਇਹ ਤਕਰੀਬਨ ਰੋਜ਼ ਬਾਰਾਂ ਘੰਟੇ ਡਿਊਟੀ ਦਿੰਦੇ ਹਨ। ਦਵਾਈਆਂ ਦੇ ਕੰਮ ਵਿੱਚ ਕੋਈ ਛੁੱਟੀ ਨਹੀਂ ਹੁੰਦੀ। ਦੁਕਾਨਦਾਰੀ ਦੇ ਨਾਲ ਨਾਲ ਇਹ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈਕੇ ਪੂਰੇ ਸੁਚੇਤ ਹਨ। ਇਹ ਫੁਰਸਤ ਦੇ ਸਮੇਂ ਬੱਚਿਆਂ ਨੂੰ ਦੁਕਾਨ ਤੇ ਹੀ ਉਹਨਾਂ ਦਾ ਹੋਮ ਵਰਕ ਕਰਵਾਉਂਦੇ ਹਨ। ਪਰ ਇਹਨਾਂ ਨੂੰ ਫੁਰਸਤ ਕਿੱਥੇ। ਇੱਕ ਬੀਜੀ ਦੁਕਾਨਦਾਰ ਅਤੇ ਅਗਰਵਾਲ ਹੋਣ ਦੇ ਬਾਵਜੂਦ ਵੀ ਇਹ ਇੱਕ ਚੰਗੇ ਮੇਜ਼ਬਾਨ ਹਨ ਤੇ ਮੇਰੇ ਵਰਗੇ ਚੁਣਿੰਦਾ ਗ੍ਰਾਹਕ ਨੂੰ ਕੌਫ਼ੀ ਪਿਆਉਣਾ ਨਹੀਂ ਭੁੱਲਦੇ।

**ਰਮੇਸ਼ ਸੇਠੀ ਬਾਦਲ**
**ਸੰਪਰਕ-9876627233**

# ਵਿਅੰਗ: ਸਾਹਿਤਕ ਸਰਗਰਮੀਆਂ

ਮੈਂ ਫੇਸ ਬੁੱਕ 'ਤੇ 'ਫੋਟੋਸ਼ਾਪ' ਮਾਰਕਾ ਵਰਗੀਆਂ ਅਣਗਿਣਤ ਲਿਖਤਾਂ 'ਚੀਜ਼ਾਂ' ਨੂੰ ਕਈ ਸਾਲਾਂ ਤੋਂ ਦੇਖਦਾ 'ਤੇ ਪੜ੍ਹਦਾ ਆ ਰਿਹਾ ਹਾਂ,ਪਰ ਅੱਜ ਕਲ 'ਸਾਹਤਕ ਸਰਗਰਮੀਆਂ' ਦਾ ਜੋਸ਼ ਕੁੱਝ ਵਧੇਰੇ ਹੀ ਦਿਖਾਈ ਦੇ ਰਿਹਾ ਹੈ। ਸ਼ਾਇਦ,ਸਰਦੀ ਬਹੁਤੀ ਪੈਣ ਕਾਰਨ ਇਹ 'ਸਰਗਰਮੀਆਂ' ਕਵੀ-ਜਣਾਂ ਦੀ ਠੰਢ ਦੂਰ ਕਰਨ ਵਿਚ ਮਦਦ ਕਰਦੀਆਂ ਹੋਣ? ਇਸ ਬਾਰੇ ਚੰਗੀ ਤਰ੍ਹਾਂ ਤਾਂ 'ਸਰਗਰਮੀਆਂ' ਦੇ ਮੁੱਖ ਮਹਿਮਾਨ ਜਾਂ ਪ੍ਰਧਾਨਗੀ ਮੰਡਲ ਵਾਲੇ ਹੀ ਦਸ ਸਕਦੇ ਹਨ ਕਿਉਂਕਿ ਵਿਚਾਰੇ ਉਹ ਤਾਂ ਨਿਉਂਦੇ ਵਾਲੇ ਕਾਰਡ ਦੇ ਥੱਲੇ ਸਰੋਤਿਆਂ ਨੂੰ ਦੋਵੇਂ ਹੱਥ ਜੋੜ-ਜੋੜ,ਬਾਂਹਾਂ ਖ਼ੋਲ-ਖ਼ੋਲ ਜਾਂ ਕਹਿ ਲਓ ਖਿਲਾਰ-ਖਿਲਾਰ ਇਸ ਵਿਚ ਸ਼ਮੂਲੀਅਤ ਲਈ ਸੱਦੇ 'ਤੇ ਸੱਦਾ ਦੇ-ਦੇ ਕੇ ਸੱਦ ਦੇ ਨੇ,ਜਿਵੇਂ ਕੋਈ ਬੱਸ ਕੰਡਕਟਰ ਸੀਟੀ 'ਤੇ ਸੀਟੀ ਮਾਰ-ਮਾਰ ਸਵਾਰੀਆਂ ਨੂੰ ਖਿੱਚਣ ਦੀ ਕੋਸ਼ਿਸ਼ ਕਰਦਾ ਹੁੰਦੈ।

ਪਿਆਰੇ ਮਿੱਤਰੋ! ਅੱਸੀ 'ਉਹ ਸਾਹਿਬ' ਤਾਂ ਹੈ ਨਹੀਂ,ਜੋ ਬਿਨਾਂ ਬੁਲਾਏ ਸਿਆਸੀ ਪਾਰਟੀ ਦੀ ਇਕੱਤਰਤਾ ਵਿਚ ਜਾ ਵੜੀਏ। ਪਰ ਅੱਜ ਅਚਾਨਕ,ਪਤਾ ਨਹੀਂ ਕਿਵੇਂ ਸਾਨੂੰ ਵੀ ਕਿਸੇ ਮਿਹਰਬਾਨ ਨੇ ਨਿਉਂਦੇ ਵਾਲਾ ਕਾਰਡ ਭੇਜ ਦਿੱਤਾ। ਸਾਨੂੰ ਇਹ ਸੱਦਾ ਪੱਤਰ ਆਏਂ ਦਿਸਣ ਲੱਗਾ ਜਿਵੇਂ ਬਿੱਲੀ ਦੇ ਭਾਗੀਂ 'ਛਿੱਕੂ ਟੁੱਟਿਆ' ਹੋਵੇ।,ਅਸੀਂ ਸੋਚ ਵਿੱਚ ਪੈ ਗਏ ਕਿ ਅਜਿਹੇ ਮੌਕੇ 'ਤੇ ਆਪਣੇ ਆਪ ਨੂੰ ਮਹੱਤਵਪੂਰਨ ਕਿਵੇਂ ਦਿਖਾਉਣਾ ਹੈ? ਪਹਿਲਾਂ ਤਾਂ ਇਹਨਾਂ 'ਸਮਾਗਮਾਂ' ਵਿਚ ਜਾਣ ਦੇ ਫ਼ਾਇਦੇ ਹੀ ਫ਼ਾਇਦੇ ਗਿਣੇ,ਜਿਵੇਂ ਮੁਫ਼ਤ ਦੀ 'ਘੁੰਡ ਚੁਕਾਈ' ਵਾਲੀ ਕਿਤਾਬ ਮਿਲ ਸਕਦੀ ਹੈ,ਆਪਣੀ ਕੱਚੀ-ਪੱਕੀ ਰਚਨਾ ਸੁਣਾਉਣ ਲਈ ਸਰੋਤਿਆਂ ਦੀ ਵਾਹ-ਵਾਹ ਖੱਟੀ ਜਾ ਸਕਦੀ ਹੈ;ਕੁੱਝ 'ਰੋਕੜ'ਵੀ ਮਿਲ ਸਕਦੈ ਅਤੇ ਨਾਲ ਦੀ ਨਾਲ ਖਾਣ ਪੀਣ ਜੋਗਾ 'ਮਸਾਲਾ' ਵੀ ਹੱਥ ਲੱਗ ਸਕਦਾ ਹੈ।





ਸੋਚਿਆ,ਇਸ ਸਿਲਸਿਲੇ ਵਿਚ ਆਪਣੀ ਕਾਰੀਗਰੀ ਦਾ ਜਲੌ ਦਿਖਾਇਆ ਜਾਵੇ। ਸੱਜਰੀ ਰਚਨਾ ਤਿਆਰ ਕੀਤੀ ਜਾਵੇ। ਬਹੁਤ ਸੋਚ ਵਿਚਾਰ ਕੀਤੀ ਪਰ ਸਾਡੀ ਕਲਮ ਨੂੰ ਅਮਲੀਆਂ ਵਰਗੀ 'ਪੀਨਕ' ਨਾ ਲੱਗੀ। ਰੱਬ ਨੂੰ ਬਥੇਰਾ ਯਾਦ ਕੀਤਾ ਕਿ ਉੱਤੋਂ ਕੋਈ 'ਆਮਦ' ਆ ਟਪਕੇ। ਸਿਰ ਨੂੰ ਦਸਾਂ ਨਹੁੰਆਂ ਨਾਲ ਖੁਰਚਿਆ,ਵਾਲ-ਤੋੜ ਵੀ ਕਰਵਾਏ, ਤਾਂ ਜਾ ਕੇ ਮਸਾਂ ਰੱਬ ਦੀ ਮਿਹਰ ਸਦਕਾ 'ਸਾਹਿੱਤਿਕ ਸਰਗਰਮੀਆਂ' 'ਚ ਭਾਗ ਪਾਉਣ ਜਾਂ ਜਗਾਉਣ ਲਈ ਰਚਨਾ ਤਿਆਰ ਹੋ ਗਈ।

ਅਸੀਂ ਸਮਾਗਮ ਵਾਲੇ ਨਿਸ਼ਚਿਤ ਦਿਨ ਤੇ ਸਮੇਂ ਸਿਰ ਜਾ ਸਿਰੀ ਕੱਢੀ। ਪ੍ਰਧਾਨ ਨਾਲ ਗੱਲ ਬਾਤ ਕਰਕੇ ਨਿਸਚਿੰਤ ਆਪਣੀ ਰਚਨਾ ਸੁਣਾਉਣ ਲਈ ਬੈਠ ਗਏ। ਮੰਚ 'ਤੇ ਸਰਗਰਮੀਆਂ ਦੇ ਨਾਲ -ਨਾਲ ਅਸੀਂ ਵੀ ਉਤਾਵਲੇ ਹੋ ਰਹੇ ਸੀ। ਆਖ਼ਿਰ,ਸਟੇਜ ਸਕੱਤਰ ਨੇ ਸਾਨੂੰ 'ਪੁਕਾਰਿਆ' ਤਾਂ ਹਾਲ ਦੇ ਅੰਦਰ ਹਾਸਿਆਂ ਦਾ 'ਸ਼ੋਰ' ਮੱਚ ਉੱਠਿਆ।

ਅਸੀਂ ਝੂਮਦੇ ਹੋਏ ਜਾ ਸਟੇਜ 'ਤੇ ਚੜ੍ਹੇ। ਇਸੇ ਖ਼ੁਸ਼ੀ ਵਿਚ ਆਪਣੀ ਪਹਿਲੀ ਲਿਖੀ ਰਚਨਾ ਤਾਂ ਕਿਤੇ ਗਵਾ ਬੈਠੇ ।ਕੁਝ ਪਲਾਂ ਲਈ ਤਾਂ ਡੌਰ-ਭੌਰ ਹੋਏ ਪਰ ਰੱਬ ਦੀ ਕਿਰਪਾ ਨਾਲ ਨਵੀਂ ਰਚਨਾ ਦੀ 'ਬਹਿਰ-ਲਹਿਰ'ਤੋਂ ਆਜ਼ਾਦ 'ਆਮਦ' ਚਾਲੂ ਹੋ ਪਈ,ਜਿਸ ਨੂੰ ਆਪ ਵੀ ਸੁਣ ਕੇ ਮਨ ਤ੍ਰਿਪਤ ਕਰ ਲਵੋ।ਜੇ ਤ੍ਰਿਪਤੀ ਨਾ ਹੋਈ ਤਾਂ ਤੁਹਾਨੂੰ ਹੱਕ ਹੈ ਕਿ ਕਿਸੇ ਸਿਆਸੀ ਲੀਡਰ ਵਾਂਗ ਸਾਡੇ 'ਤੇ ਜੁੱਤੀਆਂ ਜਾਂ ਸੈਂਡਲਾਂ ਦੀ ਵਰਖਾ ਕਰ ਸਕਦੇ ਹੋ।ਹਾਜ਼ਰ ਹੈ:

—

ਸੈਕਟਰੀ ਜੀ!ਸਰੋਤੇ ਚੁੱਪ ਕਰਾਓ,ਗ਼ਜ਼ਲ ਕਹਿ ਰਿਹਾ ਹਾਂ।
ਮਿੱਤਰੋ! ਬਹੁਤਾ ਹੱਸੋ ਨਾ ਹਸਾਓ, ਗ਼ਜ਼ਲ ਕਹਿ ਰਿਹਾ ਹਾਂ।
ਕੀ ਦੱਸਾਂ ,ਮੇਰੇ ਦਿਲ ਨੇ ਕਿਉਂ 'ਤੇ ਕਿਵੇਂ ਗ਼ਮਗੀਨ ਕੀਤਾ?
ਬੱਸ ਹੱਸ-ਹੱਸ ਕੇ ਦਿਲ ਟਿਕਾਓ, ਗ਼ਜ਼ਲ ਕਹਿ ਰਿਹਾ ਹਾਂ।
ਸਾਕੀ,ਸ਼ਰਾਬ,ਕਬਾਬ,ਹਿਜਾਬ ,ਸਭ ਫ਼ਜ਼ੂਲ ਲੱਗਦੇ ਨੇ ਮੈਨੂੰ,
ਗੁਲਾਬੀ ਬੁੱਲ੍ਹਾਂ ਨਾਲ ਘੁੱਟ ਪਿਆਓ,ਗ਼ਜ਼ਲ ਕਹਿ ਰਿਹਾ ਹਾਂ।
ਨਾ ਆਟਾ ਮਿਲੇ ਨਾ ਦਾਲ,ਕਿੱਥੇ ਗਈਆਂ ਨੇ ਸਕੀਮਾਂ ਯਾਰੋ?
ਇਸ ਬਾਰੇ ਤੁਸੀਂ ਵੀ ਕੁੱਝ ਸੁਣਾਓ, ਗ਼ਜ਼ਲ ਕਹਿ ਰਿਹਾ ਹਾਂ।
ਮੈਂ ਆਪਣੇ ਯਾਰਾਂ ਲਈ ਰੋਟੀਆਂ ਥੱਪੂੰ, ਡਿਨਰ ਦੇਣ ਵਾਸਤੇ,
ਤੁਸੀਂ ਆਉ ਕੋਰਮਾ ਸ਼ੋਰਮਾ ਪਕਾਓ,ਗ਼ਜ਼ਲ ਕਹਿ ਰਿਹਾ ਹਾਂ।
ਮੇਰੀ ਮਹਿਬੂਬਾ !ਤੂੰ ਜਦ ਵੀ ਰੁੱਸੇ, ਨਿਰੀ ਗ਼ਜ਼ਲ ਲਗਦੀ ਹੈ,
ਸਟੇਜ 'ਤੇ ਆਉ ਤੇ ਸੂਰਤ ਦਿਖਾਓ, ਗ਼ਜ਼ਲ ਕਹਿ ਰਿਹਾ ਹਾਂ।
'ਸੁਰਜੀਤ' ਸ਼ਾਇਰੀ ਕਰਨਾ,ਕੁੱਤ-ਪੇਸ਼ਾ ਖ਼ਾਨਦਾਨੀ ਆਪਣਾ,
ਇਸ ਗ਼ਜ਼ਲ ਦਾ ਇਵਜ਼ਾਨਾ ਦਿਵਾਓ,ਗ਼ਜ਼ਲ ਕਹਿ ਰਿਹਾ ਹਾਂ।

ਦੋਸਤੋ! ਮੇਰੀ ਗ਼ਜ਼ਲ ਪੂਰੀ ਹੋਣ ਦੇ ਨਾਲ ਹੀ ਬਿਜਲੀ ਗੁੱਲ ਹੋ ਗਈ। ਇਵਜ਼ਾਨੇ ਵਾਲੀ ਗੱਲ ਵਿੱਚੇ ਹੀ ਰਹਿ ਗਈ। ਹਰ ਪਾਸੇ ਚੁੱਕ ਲੋ-ਚੁੱਕ ਲੋ ਹੋ ਗਈ। ਇਸੇ ਹਫੜਾ-ਦਫੜੀ 'ਚੋਂ ਨਿਕਲ ਕੇ,ਮੈਂ ਤਾਂ ਘਰ ਦਾ ਰਾਹ ਲਿਆ। ਸੋਚਿਆ ਇਸ 'ਸਾਹਿੱਤਿਕ ਇਕੱਤਰਤਾ' ਦੀ ਰਿਪੋਰਟ ਕਲ ਅਖ਼ਬਾਰਾਂ ਵਿਚ ਪੜ੍ਹ ਲਵਾਂਗੇ। ਆਪਾਂ ਆਪਣੀ ਗ਼ਜ਼ਲ ਕਹਿਕੇ ਦਿਲ ਹੌਲਾ ਕਰ ਲਿਆ। ਇਵਜ਼ਾਨੇ ਲਈ ਪਿਲ ਪਾ ਛੱਡਾਂਗੇ, ਕੁੱਝ ਨਾ ਕੁੱਝ ਲੈ ਹੀ ਡਿੱਗਾਂਗੇ। ਜੇ ਤੁਸੀਂ ਰਿਪੋਰਟ ਪੜ੍ਹੀ ਹੋਵੇ ਤਾਂ ਮੈਨੂੰ ਟਿੱਪਣੀ ਰਾਹੀ ਜ਼ਰੂਰ ਦੱਸਣਾ। ਇੰਤਜ਼ਾਰ ਰਹੇਗਾ।



**ਸੁਰਜੀਤ ਸਿੰਘ ਭੁੱਲਰ-**

# ਅੱਖੀਂ ਡਿੱਠੀ ਆਦਰਸ਼ ਵਿੱਦਿਅਕ ਸੰਸਥਾ

ਪਿਛਲੇ ਦਿਨੀਂ ਆਪਣੇ ਬਚਪਨ ਦੇ ਦੋਸਤ ਡਾ. ਹਰਨੇਕ ਸਿੰਘ ਢੋਟ (ਰਿਟਾ. ਸਹਾਇਕ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ) ਨਾਲ਼ ਸਕੂਲ ਆਫ਼ ਐਮੀਨੈਂਸ, ਲੌਂਗੋਵਾਲ (ਕੋ-ਐਜੂਕੇਸ਼ਨ) ਜਾਣ ਦਾ ਸਬੱਬ ਬਣਿਆ। ਸਕੂਲ ਵਿੱਚ ਤਾਇਨਾਤ ਸਕਿਓਰਿਟੀ ਗਾਰਡਜ਼ ਨੇ ਬੜੇ ਸਲੀਕੇ ਨਾਲ਼ ਸਾਡਾ ਨਾਂ ਪਤਾ ਰਜਿਸਟਰ ਵਿੱਚ ਦਰਜ ਕੀਤਾ ਤੇ ਪ੍ਰਿੰਸੀਪਲ ਸਾਹਿਬ ਦੇ ਦਫ਼ਤਰ ਬਾਰੇ ਜਾਣਕਾਰੀ ਦਿੱਤੀ। ਮੈਂ ਨੋਟ ਕੀਤਾ ਕਿ ਸਕੂਲ ਦੇ ਵਿਦਿਆਰਥੀ ਆਪਣਾ ਸਲਾਨਾ ਇਮਤਿਹਾਨ ਦੇਣ ਲਈ ਬੜੇ ਸਹਿਜ ਢੰਗ ਨਾਲ਼ ਪ੍ਰੀਖਿਆ ਹਾਲ ਵੱਲ ਜਾ ਰਹੇ ਸਨ। ਸਕੂਲ ਵਿੱਚ ਪੂਰਾ ਅਨੁਸ਼ਾਸਨ ਸੀ। ਜਦੋਂ ਅਸੀਂ ਸਕੂਲ ਪ੍ਰਿੰਸੀਪਲ ਮੈਡਮ ਰਵਜੀਤ ਕੌਰ ਜੀ ਨੂੰ ਉਨ੍ਹਾਂ ਦੇ ਦਫ਼ਤਰ ਵਿੱਚ ਮਿਲੇ ਤਾਂ ਉਹ ਬੜੇ ਸਹਿਜ ਹੋ ਕੇ ਆਪਣੇ ਦਫ਼ਤਰ ਦਾ ਕੰਮ ਕਰ ਰਹੇ ਸਨ। ਮੈਂ ਉਨ੍ਹਾਂ ਨੂੰ ਆਪਣੇ ਆਉਣ ਦਾ ਕਾਰਨ ਦੱਸਿਆ। ਉਨ੍ਹਾਂ ਸਾਨੂੰ ਕੁਝ ਦੇਰ ਇੰਤਜ਼ਾਰ ਕਰਨ ਲਈ ਕਿਹਾ। ਪ੍ਰਿੰਸੀਪਲ ਮੈਡਮ ਨੇ ਸਕੂਲ ਦੇ ਇੱਕ ਕਰਮਚਾਰੀ ਦੀ ਡਿਊਟੀ ਲਾ ਕੇ ਵੀਹ ਮਿੰਟ ਵਿੱਚ ਸਾਡਾ ਕੰਮ ਕਰਵਾ ਦਿੱਤਾ। ਅਸੀਂ ਪ੍ਰਿੰਸੀਪਲ ਮੈਡਮ ਰਵਜੀਤ ਕੌਰ ਦਾ ਧੰਨਵਾਦ ਕਰਕੇ ਦਫ਼ਤਰ ਵਿੱਚੋਂ ਬਾਹਰ ਆ ਗਏ।

ਜਦੋਂ ਅਸੀਂ ਵਾਪਸ ਆ ਰਹੇ ਸਾਂ ਤਾਂ ਸਾਹਮਣੇ ਲਾਅਨ ਵਿੱਚ ਇੱਕ ਪੇਂਟਿੰਗ ਲੱਗੀ ਹੋਈ ਸੀ। ਪੇਂਟਿੰਗ ਵਿੱਚ ਇੱਕ ਮੁਟਿਆਰ ਕੁੜੀ ਨੂੰ ਦਿਖਾਇਆ ਗਿਆ ਹੈ। ਜਿਸ ਦਾ ਅੱਧਾ ਚਿਹਰਾ ਵਿਆਹੁਤਾ ਔਰਤ ਵਾਲ਼ਾ ਹੈ, ਜੋ ਉਸ ਦੀ ਉਦਾਸੀ ਅਤੇ ਤਰਸਯੋਗ ਹਾਲਤ ਨੂੰ ਉਜਾਗਰ ਕਰ ਰਿਹਾ ਹੈ। ਦੂਜਾ ਅੱਧਾ ਚਿਹਰਾ ਸਕੂਲ ਵਿੱਚ ਪੜ੍ਹਦੀ ਲੜਕੀ ਵਾਲ਼ਾ ਹੈ, ਜਿਸ 'ਤੇ ਖ਼ੁਸ਼ੀ, ਨੂਰ, ਦ੍ਰਿੜ੍ਹਤਾ ਅਤੇ ਚੜ੍ਹਦੀ ਕਲਾ ਦੇ ਭਾਵ ਚਿੱਤਰੇ ਹੋਏ ਹਨ। ਪੇਂਟਿੰਗ ਵੇਖ ਕੇ ਮੈਂ ਉਸ ਮਹਾਨ ਪੇਂਟਰ ਨੂੰ ਨਮਸਕਾਰ ਕੀਤੀ, ਜਿਸ ਨੇ ਇਹ ਪੇਂਟਿੰਗ ਤਿਆਰ ਕੀਤੀ ਹੈ। ਇਹ ਪੇਂਟਿੰਗ ਵੇਖ ਕੇ ਮੇਰੇ ਮਨ ਵਿੱਚ ਇੱਕ ਸਵਾਲ ਬਿਜਲੀ ਦੀ ਚਮਕ ਵਾਂਗ ਉੱਭਰਿਆ- 'ਕਾਸ਼, ਪਿੰਡਾਂ ਅਤੇ ਸ਼ਹਿਰਾਂ ਵਿੱਚ ਰਹਿਣ ਵਾਲੇ ਮਾਪੇ ਇਸ ਪੇਂਟਿੰਗ ਤੋਂ ਇਹ ਸਿੱਖਿਆ ਲੈ ਲੈਣ ਕਿ ਕੇਵਲ ਧੀਆਂ ਨੂੰ ਵਿਆਹ ਕੇ ਉਨ੍ਹਾਂ ਦੇ ਸਹੁਰੇ ਘਰ ਤੋਰ ਦੇਣਾ ਹੀ ਕਾਫ਼ੀ ਨਹੀਂ ਹੈ, ਸਗੋਂ ਵਿਆਹ ਤੋਂ ਪਹਿਲਾਂ ਉਨ੍ਹਾਂ ਨੂੰ ਵਿੱਦਿਆ ਨਾਲ਼ ਭਰਪੂਰ ਕਰ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੀ-ਆਂ ਹੋਣ ਦੇ ਮੌਕੇ ਦੇਣਾ ਵੀ ਮਾਪਿਆਂ ਦਾ ਫ਼ਰਜ਼ ਹੈ।'




ਗੱਡੀ ਵਿੱਚ ਘਰ ਨੂੰ ਵਾਪਸ ਆਉਂਦਿਆਂ ਗੱਡੀ ਵਿੱਚ ਬੈਠਾ ਮੈਂ ਸੋਚ ਰਿਹਾ ਸੀ ਕਿ ਪ੍ਰਿੰਸੀਪਲ ਰਵਜੀਤ ਕੌਰ ਜੀ ਜਿਹੇ ਪ੍ਰਿੰਸੀਪਲਾਂ ਦੀ ਬਦੌਲਤ ਸਾਡੀ ਸਕੂਲੀ ਸਿੱਖਿਆ ਜਰੂਰ ਬੁਲੰਦੀਆਂ ਨੂੰ ਛੋਹੇਗੀ, ਆਮੀਨ।

**ਡਾ. ਇਕਬਾਲ ਸਿੰਘ ਸਕਰੌਦੀ**
**ਸੰਗਰੂਰ।**



ਕਲਾ ਵਾਹਿਗੁਰੂ ਦੀ

ਪੇਂਟਿੰਗ
Painting

ਆਪਣੇ ਸੁਪਨਿਆਂ,
ਬਜ਼ੁਰਗਾਂ,
ਮਿੱਤਰ ਪਿਆਰਿਆਂ
ਦੀਆਂ ਪੇਂਟਿੰਗ ਬਣਾ ਕੇ
ਆਪਣੇ ਘਰਾਂ ਨੂੰ
ਚਾਰ ਚੰਨ
ਲਗਾਓ ਜੀ



DELIVERY ALL WORLD
Payment in Advance
ਪੇਂਟਿੰਗ ਲਈ ਫੋਟੋ ਵਟਸਐਪ ਨੰਬਰ
+91-97794-70626 ਤੇ ਭੇਜੋ

ਚਿੱਤਰਕਾਰ
ਰਾਜੇਸ਼ ਨਾਗਰਾ

# ਯੂਕੇ ਬੇਸ ਦੀ ਵਰਤੋਂ ‘ਤੇ IWA ਦੀ ਚੇਤਾਵਨੀ – “ਦੁਨੀਆ ਨੂੰ ਜੰਗ ਨਹੀਂ, ਅਮਨ ਦੀ ਲੋੜ ਹੈ”

## ਮੱਧ ਪੂਰਬ ਵਿੱਚ ਵਧ ਰਹੇ ਤਣਾਅ ਦਰਮਿਆਨ ਕਮਿਊਨਿਟੀ ਸੰਸਥਾ ਵੱਲੋਂ ਵਿਸ਼ਵ ਨੇਤਾਵਾਂ ਨੂੰ ਸੰਵਾਦ ਅਤੇ ਕੂਟਨੀਤੀ ਨੂੰ ਤਰਜੀਹ ਦੇਣ ਦੀ ਅਪੀਲ

**ਸਮਾਜ ਵੀਕਲੀ ਯੂ ਕੇ-** ਲੇਸਟਰ — Inidan Workers Assoicaiton (Great Birtian) ਨੇ ਮੱਧ ਪੂਰਬ ਵਿੱਚ ਵਧ ਰਹੇ ਸੰਘਰਸ਼ ਦੇ ਸੰਦਰਭ ਵਿੱਚ ਆ ਰਹੀਆਂ ਰਿਪੋਰਟਾਂ ‘ਤੇ ਗੰਭੀਰ ਚਿੰਤਾ ਜਤਾਈ ਹੈ ਕਿ ਸੰਯੁਕਤ ਰਾਜ ਅਮਰੀਕਾ ਦੇ ਸੈਨਿਕ ਜਹਾਜ਼ ਯੂਨਾਈਟਡ ਕਿੰਗਡਮ ਦੇ ਇੱਕ ਹਵਾਈ ਅੱਡੇ ਤੋਂ ਕਾਰਵਾਈ ਕਰ ਰਹੇ ਹਨ।

ਮੀਡੀਆ ਰਿਪੋਰਟਾਂ ਮੁਤਾਬਕ ਅਮਰੀਕੀ ਰਣਨੀਤਿਕ ਬੰਬਵਰ ਜਹਾਜ਼ ਬ੍ਰਿਟੇਨ ਦੇ ਗਲੋਸਟਰਸ਼ਾਇਰ ਵਿੱਚ ਸਥਿਤ RAF Fiarford ਹਵਾਈ ਅੱਡੇ ‘ਤੇ ਤਾਇਨਾਤ ਕੀਤੇ ਗਏ ਹਨ। ਇਹ ਹਵਾਈ ਅੱਡਾ ਅਕਸਰ ਸੰਯੁਕਤ ਰਾਜ ਅਮਰੀਕਾ ਦੀ ਹਵਾਈ ਫੌਜ ਵੱਲੋਂ ਯੂਰਪ ਅਤੇ ਮੱਧ ਪੂਰਬ ਨਾਲ ਸੰਬੰਧਤ ਕਾਰਵਾਈਆਂ ਲਈ ਵਰਤਿਆ ਜਾਂਦਾ ਹੈ। ਇਨ੍ਹਾਂ ਰਿਪੋਰਟਾਂ ਨੇ ਬ੍ਰਿਟੇਨ ਦੀ ਭੂਮਿਕਾ ਬਾਰੇ ਵੀ ਨਵੀਂ ਚਰਚਾ ਨੂੰ ਜਨਮ ਦਿੱਤਾ ਹੈ।

ਇਸ ਮਾਮਲੇ ‘ਤੇ ਪ੍ਰਤੀਕਿਰਿਆ ਦਿੰਦਿਆਂ Sital Singh Gill, ਜਨਰਲ ਸਕੱਤਰ ਇੰਡਿਅਨ ਵਰਕਰਜ਼ ਐਸੋਸੀਏਸ਼ਨ (ਜੀ.ਬੀ.), ਨੇ ਕਿਹਾ ਕਿ ਅੰਤਰਰਾਸ਼ਟਰੀ ਕਮਿਊਨਿਟੀ ਨੂੰ ਸੈਨਿਕ ਕਾਰਵਾਈ ਵਧਾਉਣ ਦੀ ਬਜਾਏ ਅਮਨ ਅਤੇ ਕੂਟਨੀਤੀ ਦੇ ਰਾਹ ਨੂੰ ਤਰਜੀਹ ਦੇਣੀ ਚਾਹੀਦੀ ਹੈ। “ਸਾਡੀ ਚਿੰਤਾ ਕਿਸੇ ਦੇਸ਼ ਜਾਂ ਕਿਸੇ ਲੋਕਾਂ ਦੇ ਖ਼ਿਲਾਫ ਨਹੀਂ ਹੈ। ਸਾਡਾ ਸੰਦੇਸ਼ ਸਾਫ਼ ਹੈ — ਦੁਨੀਆ ਨੂੰ ਹੋਰ ਜੰਗ ਦੀ ਨਹੀਂ, ਸੰਵਾਦ, ਸਮਝਦਾਰੀ ਅਤੇ ਮਨੁੱਖੀ ਜੀਵਨ ਦੀ ਇਜ਼ਤ ਦੀ ਲੋੜ ਹੈ,” ਗਿੱਲ ਨੇ ਕਿਹਾ।

ਉਹਨਾਂ ਨੇ ਕਿਹਾ ਕਿ ਇਤਿਹਾਸ ਇਹ ਸਾਬਤ ਕਰਦਾ ਹੈ ਕਿ ਜੰਗਾਂ ਦਾ ਸਭ ਤੋਂ ਵੱਡਾ ਨੁਕਸਾਨ ਆਮ ਨਾਗਰਿਕਾਂ ਨੂੰ ਹੁੰਦਾ ਹੈ ਅਤੇ ਬੇਗੁਨਾਹ ਲੋਕ ਹੀ ਇਸ ਦੀ ਸਭ ਤੋਂ ਵੱਡੀ ਕੀਮਤ ਅਦਾ ਕਰਦੇ ਹਨ।

“ਹਮੇਸ਼ਾ ਆਮ ਲੋਕ ਹੀ ਜੰਗ ਦਾ ਸਭ ਤੋਂ ਵੱਡਾ ਭਾਰ ਝੱਲਦੇ ਹਨ। ਮਨੁੱਖਤਾ ਦੀ ਭਲਾਈ ਹਮੇਸ਼ਾ ਰਾਜਨੀਤਿਕ ਟਕਰਾਵਾਂ ਤੋਂ ਉੱਪਰ ਹੋਣੀ ਚਾਹੀਦੀ ਹੈ,” ਉਹਨਾਂ ਨੇ ਕਿਹਾ। ਇੰਡਿਅਨ ਵਰਕਰਜ਼ ਐਸੋਸੀਏਸ਼ਨ, ਜਿਸ ਦਾ ਅਮਨ ਮੁਹਿੰਮਾਂ ਅਤੇ ਅੰਤਰਰਾਸ਼ਟਰੀ ਇਕਜੁੱਟਤਾ ਨਾਲ ਲੰਮਾ ਇਤਿਹ-ਾਸ ਜੁੜਿਆ ਹੋਇਆ ਹੈ, ਦਾ ਮੰਨਣਾ ਹੈ ਕਿ ਬ੍ਰਿਟੇਨ ਨੂੰ ਦੇਸ਼ਾਂ ਵਿਚਕਾਰ ਸੰਵਾਦ ਅਤੇ ਕੂਟਨੀਤਿਕ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਰਚਨਾਤਮਕ ਭੂਮਿਕਾ ਨਿਭਾਉਣੀ ਚਾਹੀਦੀ ਹੈ। ਇਹ ਬਿਆਨ ਉਸ ਵੇਲੇ ਸਾਹਮਣੇ ਆਇਆ ਹੈ ਜਦੋਂ ਮੱਧ ਪੂਰਬ ਵਿੱਚ ਵਧ ਰਹੇ ਤਣਾਅ ਨੇ ਵਿਸ਼ਵ ਪੱਧਰ ‘ਤੇ ਚਿੰਤਾ ਪੈਦਾ ਕਰ ਦਿੱਤੀ ਹੈ ਕਿ ਇਹ ਸੰਘਰਸ਼ ਹੋਰ ਵੱਡੇ ਪੱਧਰ ‘ਤੇ ਫੈਲ ਸਕਦਾ ਹੈ ਅਤੇ ਇਸ ਦੇ ਗੰਭੀਰ ਮਨੁੱਖੀ ਨਤੀਜੇ ਨਿਕਲ ਸਕਦੇ ਹਨ। ਬ੍ਰਿਟੇਨ ਵਿੱਚ ਕਈ ਅਮਨ ਸਮਰਥਕ ਗਰੁੱਪਾਂ ਅਤੇ ਕਮਿਊਨਿਟੀ ਸੰਸਥਾਵਾਂ ਨੇ ਵੀ ਸੰਜਮ ਵਰਤਣ ਅਤੇ ਕੂਟਨੀਤਿਕ ਕੋਸ਼ਿਸ਼ਾਂ ਨੂੰ ਵਧਾਉਣ ਦੀ ਅਪੀਲ ਕੀਤੀ ਹੈ ਤਾਂ ਜੋ ਖੇਤਰ ਵਿੱਚ ਹੋਰ ਅਸਥਿਰਤਾ ਤੋਂ ਬਚਿਆ ਜਾ ਸਕੇ ਅਤੇ ਅਮਨ ਲਈ ਰਾਹ ਖੁਲ ਸਕੇ।



Sital Singh Gill, General Secretary of IWA (GB),

# (ਵਿਸ਼ਵ ਥਾਣੇਦਾਰ ਟਰੰਪ)

ਭਾਰਤੀ ਉਪ ਮਹਾਂਦੀਪ ਵਿੱਚ ਚੱਲੀ ਰੰਗਾਂ ਦੀ ਹੋਲੀ। ਦੂਜੇ ਪਾਸੇ ਮਿਡਲ ਈਸਟ ਵਿੱਚ ਚੱਲੀ ਖ਼ੂਨੀ ਜੰਗ।ਹੋ ਰਹੀ ਜੰਗ ਤੇ ਚੱਲ ਰਹੇ ਬੰਬ। ਸਕੂਲ ਤੇ ਕਰਕੇ ਬੰਬਾਰੀ ਕੀਤਾ ਬਦਰੰਗ। 180 ਮਾਸੂਮ ਬਾਲੜੀਆਂ, ਦੀ ਲੈ ਕੇ ਜਾਨ ਖ਼ੂਨ ਦੀ ਹੋਲੀ ਖੇਡ ਰਿਹਾ ਟਰੰਪ।
ਜੰਗ ਵੀ ! ਬੰਬ ਵੀ !
ਤੇ ਰੰਗ ਵੀ !
ਹੜਦੁੰਗ ਮਚਾ ਕੇ ਦੁਨੀਆਂ ਨੂੰ ਧਮਕਾ ਰਿਹਾ। ਕਮਜ਼ੋਰ ਧਿਰ ਨੂੰ ਪਲ ਪਲ ਦੱਬਕਾ ਰਿਹਾ। ਪਾਰ ਸਮੁੰਦਰੋਂ ਆ ਕੇ, ਦੋ ਧੜੇ ਬਣਾ ਕੇ। ਆਪਸ ਵਿੱਚ ਲੜਾ ਕੇ, ਘਾਣ ਲੋਕਾਈ ਦਾ ਕਰਵਾ ਰਿਹਾ। ਵੈਨੇਜ਼ੁਏਲਾ, ਗ੍ਰੀਨਲੈਂਡ, ਯੂਕਰੇਨ ਦੇ ਖਜ਼ਾਨੇ ਲੁੱਟੇ। ਕੋਰੀਆ, ਵੀਅਤਨਾਮ ਵਿੱਚ ਵੀ ਪੰਗੇ ਲੈਂਦਾ ਰਿਹਾ।
ਜੰਗ ਵੀ ! ਬੰਬ ਵੀ ! ਤੇ ਰੰਗ ਵੀ !
ਵਰਤਮਾਨ ਟਕਰਾਅ ਵਿੱਚ ਇਜ਼ਰਾਇਲ ਨੂੰ ਹੱਲਾਸ਼ੇਰੀ ਦੇਕੇ ਇਰਾਨ ਨੂੰ ਮੋਹਰਾ ਬਣਾ ਲਿਆ। ਟਰੰਪ ਬਣਿਆ ਵੱਡਾ ਗੈਂਗਸਟਰ, ਇਰਾਨ ਦੇ ਜ਼ੁਲਮੀ ਸ਼ਾਸਕ ਆਇਤੁੱਲਾ ਖੁਮੈਇਨੀ




ਦਾ ਪਰਿਵਾਰ ਢਾਹ ਲਿਆ। 1936 ਵਿੱਚ ਹਿਜਾਬ ਤੇ ਲੱਗੀ ਪਾਬੰਦੀ। ਔਰਤਾਂ ਨੂੰ ਪੜ੍ਹਨ ਦੇ, ਵੋਟ ਪਾਉਣ ਦੇ ਮਿਲੇ ਹੱਕ। 1905-53 ਕ੍ਰਾਂਤੀ ਦਾ ਸਮਾਂ ਰਿਹਾ ਇਰਾਨ ਦਾ। ਤੇਲ ਸਰੋਤਾਂ ਦੇ ਕੌਮੀਕਰਨ ਨੇ, ਭੜਕਾਇਆ ਗੁੱਸਾ ਸੈਮਰਾਨ ਦਾ।
ਜੰਗ ਵੀ ! ਬੰਬ ਵੀ ! ਤੇ ਰੰਗ ਵੀ !
2006 ਵਿੱਚ ਔਰਤਾਂ ਲਈ ਕਾਨੂੰਨੀ ਸੁਧਾਰਾਂ ਲਈ ਲਹਿਰਾਂ ਚੱਲੀਆਂ। ਸ਼ਿਰੀਨ ਇਸ਼ਾਦੀ, ਮਨੁੱਖੀ ਅਧਿਕਾਰਾਂ ਦੀ ਕਾਰਕੁਨ ਨੂੰ ਮਿਲਿਆ ਨੋਬਲ ਇਨਾਮ, ਪਹਿਲੀ ਔਰਤ ਬਣੀ ਇਰਾਨ ਦੀ, ਖੁਸ਼ੀਆਂ ਨਾ ਜਾਂਦੀਆਂ ਝੱਲੀਆਂ।
ਜੰਗ ਵੀ ! ਬੰਬ ਵੀ ! ਤੇ ਰੰਗ ਵੀ !
ਇਨਕਲਾਬੀ ਮੁਹਿਮ ਦੀਆਂ ਹੋਰ ਕਾਰਕੁਨ, ਮਸੀਹ ਅਲੀਨੌਜਾਦ ਪੱਤਰਕਾਰ, ਨਰਗਿਸ ਮੁਹੰਮਦੀ 1923 ਦੀ ਨੋਬਲ ਸ਼ਾਂਤੀ ਇਨਾਮ ਜੇਤੂ, ਮਹਿਸਾ ਅਮੀਨੀ, ਇਰਾਨੀ-ਕੁਰਦੀ ਔਰਤ ਹਿਜਾਬ ਠੀਕ ਨਾ ਪਹਿਨਣ ਕਰਕੇ ਅੰਦੋਲਨ ਵਿੱਚ ਮਾਰੀ ਗਈ।
ਜੰਗ ਵੀ ! ਬੰਬ ਵੀ ! ਤੇ ਰੰਗ ਵੀ !
ਵਿਸ਼ਵ ਥਾਣੇਦਾਰ, ਯੂਐਨਓ, ਸਿਹਤ ਤੇ ਵਿਸ਼ਵ ਸ਼ਾਂਤੀ ਸੰਸਥਾਵਾਂ ਨੂੰ ਧਮਕਾ ਕੇ, ਡਰਾ ਕੇ, ਆਪਣੀ ਚੌਧਰ ਚਮਕਾਵੇ। ਹੋਰਾਂ ਨੂੰ ਐਟਮੀ ਬੰਬ ਬਣਾਉਣ ਤੋਂ ਰੋਕੇ, ਆਪ ਜਿੰਨੇ ਮਰਜ਼ੀ ਬਣਾਵੇ। 21ਵੀਂ ਸਦੀ ਵਿੱਚ ਵੀ ਜਿਸ ਦੀ ਲਾਠੀ ਉਸਦੀ ਮੱਝ ਵਾਲਾ ਹੁਕਮ ਚਲਾਵੇ। ਕੀ ਯੂਐਨਓ ਵਰਗੀਆਂ ਸੰਸਥਾਵਾਂ ਨੂੰ ਮਜਬੂਤ ਨਹੀਂ ਕਰ ਸਕਦੇ ਤਾਂ ਜੋ ਇਸ ਦੇ ਦਿਮਾਗ ਦਾ ਖਰੂਦ ਰੁਕ ਜਾਵੇ। ਧਰਤੀ ਰਹਿਣਯੋਗ ਜਿਉਣ ਯੋਗ ਤੇ ਮਾਨਣਯੋਗ ਬਣ ਜਾਵੇ।
ਜੰਗ ਵੀ ! ਬੰਬ ਵੀ ! ਤੇ ਰੰਗ ਵੀ !



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**



# 80 ਸਾਲਾਂ ਪੁੱਤਰ ਆਪਣੇ 99 ਸਾਲਾਂ ਪਿਤਾ ਨੂੰ ਲੈ ਕੇ ਪਹੁੰਚਿਆ ਰੈਸਟੋਰੈਂਟ

## ਦਹਾਕਿਆਂ ਪੁਰਾਣਾ ਵਾਅਦਾ ਹੋਇਆ ਪੂਰਾ !

**ਵੈਨਕੂਵਰ, 13 ਮਾਰਚ (ਮਲਕੀਤ ਸਿੰਘ)** – ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਚੀਨੀ ਭਾਈਚਾਰੇ ਦੀ ਬਹੁਵਸੋਂ ਵਾਲੇ ਸ਼ਹਿਰ ਰਿਚਮੰਡ ਵਿੱਚ ਇਕ ਦਿਲਚਸਪ ਘਟਨਾ ਸਾਹਮਣੇ ਆਈ ਹੈ, ਜਿੱਥੇ ਜਿਮੀ ਨਾਂ ਦਾ 80 ਸਾਲਾ ਇਕ ਵਿਅਕਤੀ ਆਪਣੇ 99 ਸਾਲਾ ਪਿਤਾ ਨੂੰ ਲੈ ਕੇ ਸਮੁੰਦਰੀ ਭੋਜਨ ਲਈ ਮਸ਼ਹੂਰ ਇਥੋਂ ਦੇ ਇੱਕ ਰੈਸਟੋਰੈਂਟ ਵਿੱਚ 'ਆਫਰ' ਲੈਣ ਲਈ ਪਹੁੰਚ ਗਿਆ

ਪ੍ਰਾਪਤ ਵੇਰਵਿਆਂ ਅਨੁਸਾਰ 'ਸਨੀ ਬਾਈ ਓਸਟਬਾਰ ਐਂਡ ਸੀ ਮਾਰਕੀਟ' ਨਾਂ ਦੇ ਰੈਸਟੋਰੈਂਟ ਵਿੱਚ ਕਈ ਸਾਲ ਪਹਿਲਾਂ ਲਗਾਏ ਗਏ ਇੱਕ ਬੋਰਡ ਉੱਪਰ ਇੱਕ ਵਿਸ਼ੇਸ਼ ਤਰ੍ਹਾਂ ਦੀ 'ਆਫਰ' ਅੰਕਿਤ ਕੀਤੀ ਗਈ ਸੀ, ਜਿਸ ’ਤੇ ਲਿਖਿਆ ਸੀ ਕਿ ਜੇ ਕੋਈ ਵਿਅਕਤੀ 80 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਨੂੰ ਨਾਲ ਲੈ ਕੇ ਇੱਥੇ ਆਵੇ ਤਾਂ ਉਸਨੂੰ ਮੁਫ਼ਤ ਓਇਸਟਰ ਖਵਾਏ ਜਾਣਗੇ।



**ਆਪਣੇ 99 ਸਾਲਾ ਪਿਤਾ ਨਾਲ ਮੁਫ਼ਤ ਓਇਸਟਰਾਂ ਦਾ ਆਨੰਦ ਲੈਣ ਲਈ ਪਹੁੰਚੇ 80 ਸਾਲਾ ਜਿੰਮੀ।**

ਇਸ ਬੋਰਡ ਨੂੰ ਵੇਖ ਕੇ ਉਸ ਸਮੇਂ ਨੌਜਵਾਨ ਰਹੇ ਜਿਮੀ ਨੇ ਸੋਚਿਆ ਸੀ ਕਿ ਜਦੋਂ ਉਹ 80 ਸਾਲ ਦਾ ਹੋਵੇਗਾ ਤਾਂ ਆਪਣੇ ਪਿਤਾ ਨੂੰ ਨਾਲ ਲੈ ਕੇ ਇਸ ਰੈਸਟੋਰੈਂਟ ਵਿੱਚ ਆਵੇਗਾ ਅਤੇ ਇਹ ਪੇਸ਼ਕਸ਼ ਜ਼ਰੂਰ ਅਜ਼ਮਾਏਗਾ। ਸਮਾਂ ਬੀਤਦਾ ਗਿਆ ਅਤੇ ਆਖ਼ਿਰਕਾਰ ਉਹ ਦਿਨ ਵੀ ਆ ਗਿਆ ਜਦੋਂ 80 ਸਾਲਾ ਜਿਮੀ ਆਪਣੇ 99 ਸਾਲਾ ਪਿਤਾ ਨਾਲ ਰਿਚਮੰਡ ਸਥਿਤ ਉਕਤ ਰੈਸਟੋਰੈਂਟ ਵਿੱਚ ਪਹੁੰਚ ਗਿਆ। ਰੈਸਟੋਰੈਂਟ ਪ੍ਰਬੰਧਕਾਂ ਨੇ ਵੀ ਇਸ ਵਿਲੱਖਣ ਅਤੇ ਯਾਦਗਾਰ ਮੌਕੇ ਦਾ ਖੁਸ਼ਦਿਲੀ ਨਾਲ ਸਵਾਗਤ ਕੀਤਾ ਅਤੇ ਦੋਵਾਂ ਪਿਤਾ-ਪੁੱਤਰ ਨੂੰ ਮੁਫ਼ਤ ਓਇਸਟਰ ਪੇਸ਼ ਕਰਕੇ ਦਹਾਕਿਆਂ ਪੁਰਾਣੇ ਇਸ ਵਾਅਦੇ ਨੂੰ ਨਿਭਾਇਆ।

ਇਹ ਘਟਨਾ ਸਥਾਨਕ ਲੋਕਾਂ ਵਿੱਚ ਵੀ ਚਰਚਾ ਦਾ ਵਿਸ਼ਾ ਬਣ ਗਈ ਹੈ।

# ਕਿਤਾਬਾਂ ਪੜ੍ਹੋ  ਗਿਆਨ ਆਪਣੇ ਆਪ ਰਸਤਾ ਦਿਖਾ ਦੇਵੇਗਾ ਕਿਤਾਬਾਂ ਦੀ ਦੁਨੀਆ ਬਹੁਤ ਵਿਸ਼ਾਲ ਹੈ



ਅੱਜ ਦੇ ਸਮੇਂ ਵਿੱਚ ਇੱਕ ਅਜੀਬ ਪ੍ਰਵਿਰਤੀ ਵੇਖਣ ਨੂੰ ਮਿਲਦੀ ਹੈ। ਲੋਕ ਅਕਸਰ ਪੁੱਛਦੇ ਹਨ “ਅਸੀਂ ਕਿਹੜੀਆਂ ਕਿਤਾਬਾਂ ਪੜ੍ਹੀਏ?” “ਕਿਹੜੀ ਕਿਤਾਬ ਸਭ ਤੋਂ ਵਧੀਆ ਹੈ?” ਜਾਂ “ਕਿਹੜੀ ਕਿਤਾਬ ਸਾਡੇ ਲਈ ਲਾਭਕਾਰੀ ਹੋਵੇਗੀ?” ਇਹ ਸਵਾਲ ਸੁਣਨ ਵਿੱਚ ਤਾਂ ਸਧਾਰਨ ਲੱਗਦੇ ਹਨ, ਪਰ ਅਸਲ ਵਿੱਚ ਇਹ ਪੜ੍ਹਨ ਦੀ ਸੰਸਕ੍ਰਿਤੀ ਦੀ ਕਮਜ਼ੋਰੀ ਨੂੰ ਦਰਸਾਉਂਦੇ ਹਨ। ਪੜ੍ਹਨ ਦਾ ਮਤਲਬ ਸਿਰਫ਼ ਚੁਣੀਆਂ ਹੋਈਆਂ ਜਾਂ ਮਸ਼ਹੂਰ ਕਿਤਾਬਾਂ ਪੜ੍ਹਨਾ ਨਹੀਂ ਹੁੰਦਾ। ਪੜ੍ਹਨ ਦਾ ਅਸਲ ਅਰਥ ਹੈ ਗਿਆਨ ਦੀ ਖੋਜ, ਅਤੇ ਇਹ ਖੋਜ ਉਸੇ ਵੇਲੇ ਸ਼ੁਰੂ ਹੁੰਦੀ ਹੈ ਜਦੋਂ ਮਨੁੱਖ ਜਿਹੜੀ ਕਿਤਾਬ ਮਿਲੇ, ਉਸਨੂੰ ਪੜ੍ਹਨ ਲਈ ਤਿਆਰ ਹੋ ਜਾਵੇ।

ਕਿਸੇ ਤੋਂ ਇਹ ਪੁੱਛਣ ਦੀ ਲੋੜ ਨਹੀਂ ਕਿ ਅਸੀਂ ਕਿਹੜੀਆਂ ਕਿਤਾਬਾਂ ਪੜ੍ਹੀਏ। ਜਿਹੜੀਆਂ ਕਿਤਾਬਾਂ ਸਾਡੇ ਕੋਲ ਹਨ, ਜਿਹੜੀਆਂ ਸਾਨੂੰ ਲਾਇਬ੍ਰੇਰੀ, ਦੋਸਤਾਂ ਜਾਂ ਘਰ ਵਿੱਚ ਮਿਲ ਸਕਦੀਆਂ ਹਨ, ਉਹਨਾਂ ਨਾਲ ਹੀ ਪੜ੍ਹਨ ਦੀ ਸ਼ੁਰੂਆਤ ਕਰਨੀ ਚਾਹੀਦੀ ਹੈ। ਕਿਉਂਕਿ ਕਿਤਾਬਾਂ ਦੀ ਦੁਨੀਆ ਬਹੁਤ ਵਿਸ਼ਾਲ ਹੈ। ਇਹ ਇਤਿਹਾਸ, ਦਰਸ਼ਨ, ਵਿਗਿਆਨ, ਸਾਹਿਤ, ਰਾਜਨੀਤੀ ਅਤੇ ਜੀਵਨ ਦੇ ਹਰੇਕ ਪੱਖ ਨਾਲ ਜੁੜੀ ਹੋਈ ਹੈ। ਜਦੋਂ ਕੋਈ ਮਨੁੱਖ ਇੱਕ ਕਿਤਾਬ ਪੜ੍ਹਦਾ ਹੈ, ਤਾਂ ਉਸਦੇ ਅੰਦਰ ਨਵੀਂ ਸੋਚ ਜਨਮ ਲੈਂਦੀ ਹੈ। ਉਹ ਸੋਚ ਉਸਨੂੰ ਹੋਰ ਕਿਤਾਬਾਂ ਵੱਲ ਧੱਕਦੀ ਹੈ। ਇਸ ਤਰ੍ਹਾਂ ਇੱਕ ਕਿਤਾਬ ਦੂਜੀ ਕਿਤਾਬ ਨੂੰ ਬੁਲਾਉਣ ਲੱਗ ਪੈਂਦੀ ਹੈ।

ਇਤਿਹਾਸ ਗਵਾਹ ਹੈ ਕਿ ਜਿਨ੍ਹਾਂ ਸਮਾਜਾਂ ਨੇ ਕਿਤਾਬਾਂ ਨਾਲ ਦੋਸਤੀ ਕੀਤੀ, ਉਹੀ ਸਮਾਜ ਤਰੱਕੀ ਦੇ ਰਾਹ ‘ਤੇ ਅੱਗੇ ਵਧੇ। ਯੂਰਪ ਵਿੱਚ ਆਈ ਗਿਆਨ ਦੀ ਕ੍ਰਾਂਤੀ ਦਾ ਮੁੱਖ ਕਾਰਨ ਵੀ ਪੜ੍ਹਨ ਦੀ ਵਧਦੀ ਹੋਈ ਸੰਸਕ੍ਰਿਤੀ ਸੀ। ਛਪਾਈ ਦੇ ਯੰਤਰ ਦੇ ਆਵਿਸ਼ਕਾਰ ਤੋਂ ਬਾਅਦ ਕਿਤਾਬਾਂ ਆਮ ਲੋਕਾਂ ਤੱਕ ਪਹੁੰਚਣ ਲੱਗੀਆਂ ਅਤੇ ਗਿਆਨ ਦੀ ਲੌ ਜਗਮਗਾਉਣ ਲੱਗੀ। ਉਸ ਸਮੇਂ ਲੋਕ ਇਹ ਨਹੀਂ ਸੋਚਦੇ ਸਨ ਕਿ ਕਿਹੜੀ ਕਿਤਾਬ ਵੱਡੀ ਹੈ ਜਾਂ ਛੋਟੀ। ਉਹ ਸਿਰਫ਼ ਪੜ੍ਹਦੇ ਸਨ ਅਤੇ ਪੜ੍ਹਦੇ-ਪੜ੍ਹਦੇ ਹੀ ਉਹਨਾਂ ਦੀ ਸੋਚ ਵਿਸ਼ਾਲ ਹੁੰਦੀ ਗਈ।

ਦੁਰਭਾਗਵਸ਼ ਅੱਜ ਦੇ ਡਿਜ਼ੀਟਲ ਯੁੱਗ ਵਿੱਚ ਪੜ੍ਹਨ ਦੀ ਆਦਤ ਹੌਲੀ-ਹੌਲੀ ਘੱਟ ਰਹੀ ਹੈ। ਮੋਬਾਈਲ ਫੋਨ, ਛੋਟੀਆਂ ਵੀਡੀਓਆਂ ਅਤੇ ਸੋਸ਼ਲ ਮੀਡੀਆ ਨੇ ਲੋਕਾਂ ਨੂੰ ਤੁਰੰਤ ਮਨੋਰੰਜਨ ਤਾਂ ਦੇ ਦਿੱਤਾ ਹੈ, ਪਰ ਗਹਿਰਾਈ ਨਾਲ ਸੋਚਣ ਦੀ ਸਮਰੱਥਾ ਘਟਾ ਦਿੱਤੀ ਹੈ। ਕਿਤਾਬ ਪੜ੍ਹਨਾ ਇੱਕ ਅਜਿਹਾ ਅਭਿਆਸ ਹੈ ਜੋ ਮਨੁੱਖ ਨੂੰ ਧੀਰਜ, ਸਮਝ ਅਤੇ ਵਿਚਾਰ ਦੀ ਗਹਿਰਾਈ ਦਿੰਦਾ ਹੈ। ਜਦੋਂ ਅਸੀਂ ਇੱਕ ਕਿਤਾਬ ਪੜ੍ਹਦੇ ਹਾਂ, ਤਾਂ ਅਸੀਂ ਸਿਰਫ਼ ਜਾਣਕਾਰੀ ਨਹੀਂ ਲੈਂਦੇ, ਬਲਕਿ ਅਸੀਂ ਲੇਖਕ ਦੇ ਵਿਚਾਰਾਂ ਨਾਲ ਸੰਵਾਦ ਕਰਦੇ ਹਾਂ।

ਕਿਤਾਬਾਂ ਮਨੁੱਖ ਦੀਆਂ ਸਭ ਤੋਂ ਵਿਸ਼ਵਾਸਯੋਗ ਸਾਥੀ ਹੁੰਦੀਆਂ ਹਨ। ਇਹ ਕਦੇ ਧੋਖਾ ਨਹੀਂ ਦਿੰਦੀਆਂ ਅਤੇ ਕਦੇ ਥੱਕਦੀਆਂ ਨਹੀਂ। ਇਹ ਸਾਨੂੰ ਉਹਨਾਂ ਲੋਕਾਂ ਦੇ ਅਨੁਭਵਾਂ ਨਾਲ ਮਿਲਾਉਂਦੀਆਂ ਹਨ ਜੋ ਸਦੀਆਂ ਪਹਿਲਾਂ ਜੀ ਚੁੱਕੇ ਹਨ ਜਾਂ ਜੋ ਦੁਨੀਆ ਦੇ ਕਿਸੇ ਦੂਰਲੇ ਕੋਨੇ ਵਿੱਚ ਰਹਿੰਦੇ ਹਨ। ਇੱਕ ਛੋਟੀ ਜਿਹੀ ਕਿਤਾਬ ਵੀ ਮਨੁੱਖ ਦੀ ਸੋਚ ਨੂੰ ਬਦਲ ਸਕਦੀ ਹੈ ਅਤੇ ਉਸਦੀ ਜ਼ਿੰਦਗੀ ਦਾ ਰੁਖ ਮੋੜ ਸਕਦੀ ਹੈ।

ਇਸ ਲਈ ਪੜ੍ਹਨ ਲਈ ਕਦੇ ਵੀ ਕਿਸੇ ਦੀ ਮਨਜ਼ੂਰੀ ਜਾਂ ਸਿਫ਼ਾਰਸ਼ ਦੀ ਉਡੀਕ ਨਾ ਕਰੋ। ਜਿਹੜੀ ਕਿਤਾਬ ਮਿਲੇ, ਉਸਨੂੰ ਖੋਲ੍ਹੋ ਅਤੇ ਪੜ੍ਹਨਾ ਸ਼ੁਰੂ ਕਰੋ। ਹੌਲੀ-ਹੌਲੀ ਇਹ ਆਦਤ ਤੁਹਾਡੇ ਅੰਦਰ ਇੱਕ ਨਵੀਂ ਭੁੱਖ ਪੈਦਾ ਕਰੇਗੀ – ਗਿਆਨ ਦੀ ਭੁੱਖ। ਅਤੇ ਫਿਰ ਤੁਹਾਨੂੰ ਸਮਝ ਆਵੇਗੀ ਕਿ ਕਿਤਾਬਾਂ ਸਿਰਫ਼ ਪੜ੍ਹੀਆਂ ਨਹੀਂ ਜਾਂਦੀਆਂ, ਉਹ ਮਨੁੱਖ ਨੂੰ ਨਵਾਂ ਬਣਾਉਂਦੀਆਂ ਹਨ।

ਅੰਤ ਵਿੱਚ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕਿਤਾਬਾਂ ਸਿਰਫ਼ ਅੱਖਰਾਂ ਦਾ ਸਮੂਹ ਨਹੀਂ ਹੁੰਦੀਆਂ। ਇਹ ਵਿਚਾਰਾਂ ਦੀ ਦੁਨੀਆ ਹਨ। ਜਦੋਂ ਇੱਕ ਮਨੁੱਖ ਕਿਤਾਬਾਂ ਨਾਲ ਦੋਸਤੀ ਕਰ ਲੈਂਦਾ ਹੈ, ਤਾਂ ਫਿਰ ਉਹ ਕਦੇ ਇਕੱਲਾ ਨਹੀਂ ਰਹਿੰਦਾ। ਇੱਕ ਕਿਤਾਬ ਦੂਜੀ ਕਿਤਾਬ ਦਾ ਦਰਵਾਜ਼ਾ ਖੋਲ੍ਹਦੀ ਹੈ ਅਤੇ ਇਸ ਤਰ੍ਹਾਂ ਗਿਆਨ ਦਾ ਸਫ਼ਰ ਚੱਲਦਾ ਰਹਿੰਦਾ ਹੈ।

ਇਸ ਲਈ ਸਿਰਫ਼ ਇੱਕ ਕਦਮ ਚੁੱਕੋ – ਪੜ੍ਹਨਾ ਸ਼ੁਰੂ ਕਰੋ। ਫਿਰ ਵੇਖੋ, ਕਿਤਾਬਾਂ ਕਿਤਾਬਾਂ ਨੂੰ ਬੁਲਾਉਣ ਲੱਗ ਪੈਣਗੀਆਂ ਅਤੇ ਗਿਆਨ ਦੀ ਰੌਸ਼ਨੀ ਤੁਹਾਡੇ ਜੀਵਨ ਨੂੰ ਚਾਨਣ ਕਰ ਦੇਵੇਗੀ।



**ਡਾ: ਅਮੀਤਾ ਰਾਣੀ**

# ਰਵਿਦਾਸੀਆ ਕੌਮ ਦੇ ਸੱਚੇ -ਸੁੱਚੇ ਜਰਨੈਲ-ਸੰਤ ਸੁਰਿੰਦਰ ਦਾਸ ਬਾਵਾ ਜੀ

**ਜਨਮ ਦਿਨ 'ਤੇ ਵਿਸ਼ੇਸ਼**

ਸਾਡਾ ਭਾਰਤ ਦੇਸ਼ ਮਹਾਨ ਹੈ। ਇਸ ਨੂੰ ਅਨੇਕਾਂ ਸਾਧੂਆਂ, ਸੰਤਾਂ, ਪੀਰ ਪੈਗੰਬਰਾਂ,ਮਹਾਂਪੁਰਸ਼ਾਂ ਤੇ ਵਿਦਵਾਨਾਂ ਵਾਲਾ ਦੇਸ਼ ਮੰਨਿਆ ਜਾਂਦਾ ਹੈ। ਇਸ ਤੱਪਦੀ ਦੁਨੀਆ ਨੂੰ ਠਾਰਨ ਲਈ ਅਨੇਕਾਂ ਸੰਤ ਪੈਦਾ ਹੋਏ। ਜਿਹਨਾਂ ਆਪਣੀ ਰੱਬੀ ਰੂਹਾਨੀਅਤ ਦੀ ਤਾਕਤ ਨਾਲ ਮਨੁੱਖਤਾ ਦੀ ਭਲਾਈ, ਸਮਾਨ-ਤਾ ਸੁਤੰਤਰਤਾ ਭਾਈਚਾਰਾ ਅਤੇ ਨਿਆ ਦਿਵਾਉਣ ਲਈ ਆਪਣਾ ਸਾਰਾ ਜੀਵਨ ਨਿਛਾਵਰ ਕਰ ਦਿੱਤਾ। ਅਜਿਹੇ ਹੀ ਸੰਤ ਮਹਾਂਪੁਰਸ਼, ਮਹਾਨ ਵਿਦਵਾਨ, ਰਵਿਦਾਸੀਆ ਕੌਮ ਦੇ ਸੱਚੇ - ਸੁੱਚੇ ਜਰਨੈਲ, ਕੌਮ ਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਦੇਖਣ ਵਾਲੇ, ਗਰੀਬਾਂ ਦੇ ਹਮਦਰਦ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਅੰਮ੍ਰਿਤਬਾਣੀ ਨੂੰ ਕਈ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਕੇ ਪ੍ਰਚਾਰ ਤੇ ਪ੍ਰਸਾਰ ਕਰਨ ਵਾਲੇ, ਫੂਲੇ-ਸ਼ਾਹੂ ਅੰਬੇਡਕਰੀ ਵਿਚਾਰਧਾਰਾ ਨੂੰ ਸਮਰਪਿਤ, ਸਾਹਿਬ ਕਾਂਸ਼ੀ ਰਾਮ ਜੀ ਦੀ ਸੋਚ ਤੇ ਪਹਿਰਾ ਦੇਣ ਵਾਲੇ ਮਹਾਨ ਪੁਰਸ਼ ਸੰਤ ਸੁਰਿੰਦਰ ਦਾਸ ਬਾਵਾ ਜੀ ਹਨ । ਜੋ ਇੱਕ ਪੜ੍ਹੇ -ਲਿਖੇ, ਸੂਝਵਾਨ ਅਤੇ ਬੁੱਧੀਜੀਵੀ ਸੰਤ ਹਨ। ਜਿਹਨਾਂ ਦਾ ਜਨਮ 14 ਮਾਰਚ 1973 ਈਸਵੀ ਨੂੰ ਸਤਿਕਾਰਯੋਗ ਪਿਤਾ ਸ੍ਰੀ ਗੁਰ-ਦਾਸ ਰਾਮ ਜੀ ਦੇ ਗ੍ਰਹਿ ਸੋਫੀ ਪਿੰਡ, ਜਲੰਧਰ ਵਿਖੇ ਸਤਿਕਾਰਯੋਗ ਮਾਤਾ ਬੀਬੀ ਗੁਰਬਚਨ ਕੌਰ ਜੀ ਦੀ ਪਵਿੱਤਰ ਕੁੱਖ ਤੋਂ ਹੋਇਆ। ਇਹ ਪਰਿਵਾਰ ਸੰਤ ਸਰਵਣ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਦੇ ਪਰਮ ਸੇਵਕ ਸਨ। ਪਰਿਵਾਰ ਹਮੇਸ਼ਾ ਹੀ ਡੇਰਾ ਸਤਿਗੁਰੂ ਸਰਵਣ ਦਾਸ ਜੀ, ਸੱਚਖੰਡ ਬੱਲਾ ਆਇਆ ਕਰਦਾ ਸੀ। ਸੇਵਾ ਭਾਵਨਾ ਸਦਕਾ ਹੀ ਪਰਿਵਾਰ ਨੂੰ "ਸੰਤ ਬਾਵਾ ਜੀ " ਵਰਗੀ ਅਮੁੱਲੀ ਦਾਤ (ਪੁੱਤਰ) ਪ੍ਰਾਪਤ ਹੋਈ। ਪਰਿਵਾਰ ਦਾ ਵੀ ਐਡਾ ਵੱਡਾ ਤਿਆਗ ਸ਼ਾਇਦ ਹੀ ਕਿਤੇ ਦੇਖਣ ਨੂੰ ਮਿਲੇਗਾ ਕਿ ਆਪਣੇ ਪੁੱਤਰ ਨੂੰ ਸੰਤਾਂ ਦੀ ਝੋਲੀ 'ਚ ਪਾ ਕੇ ਸਦਾ ਲਈ ਡੇਰਾ ਸੱਚਖੰਡ ਬੱਲਾਂ ਜਲੰਧਰ ਲਈ ਅਰਪਿਤ ਕਰ ਦਿੱਤਾ। ਸੰਤ ਸਰਵਣ ਦਾਸ ਜੀ ਮਹਾਰਾਜ ਤੋਂ ਬਾਅਦ ਬਣੇ ਡੇਰੇ ਦੇ ਸੰਚਾਲਕ ਸੰਤ ਹਰੀ ਦਾਸ ਮਹਾਰਾਜ ਜੀ ਨੇ "ਬਾਲਕ ਸੁਰਿੰਦਰ ਦਾਸ ਬਾਵਾ ਜੀ " 'ਭੇਖ ਦੀ ਦਾਤ ' ਦੇ ਕੇ ਸੂਚੀ ਪਿੰਡ ਤੋਂ ਵਾਜਿਆਂ- ਢੋਲਾਂ ਨਾਲ ਸੰਗਤਾਂ ਸਮੇਤ ਡੇਰਾ ਸੱਚਖੰਡ ਬੱਲਾਂ ਜਲੰਧਰ ਲੈ ਕੇ ਆਏ ਸਨ। ਉਸ ਸਮੇਂ ਸੰਤ ਬਾਵਾ ਜੀ ਦੀ ਉਮਰ ਪੰਜ ਸਾਲ ਸੀ।ਸੰਤ ਗਰੀਬ ਦਾਸ ਮਹਾਰ-ਾਜ ਜੀ ਨੇ ਸੰਤ ਸਰਵਣ ਦਾਸ ਮਹਾਰਾਜ ਜੀ ਦੇ ਅਪਾਰ ਅਸ਼ੀਰਵਾਦ ਸਦਕਾ ਇਸ ਬਾਲਕ ਨੂੰ ਪੜ੍ਹਾਇਆ। ਉੱਚ ਵਿੱਦਿਆ ਦੋਆਬਾ ਕਾਲਜ ਜਲੰਧਰ ਤੋਂ ਹਾਸਿਲ ਕਰਵਾਈ। ਬਾਲਕ ਬਾਵਾ ਜੀ ਨੂੰ "ਨਾਮ ਦੀ ਦਾਤ" ਸੰਤ ਗਰੀਬ ਦਾਸ ਜੀ ਮਹਾਰਾਜ ਜੀ ਤੋਂ ਪ੍ਰਾਪਤ ਹੋਈ। ਕਾਂਸ਼ੀ ਰਾਮ ਕਲੇਰ ਜੰਡੂ ਸਿੰਘੇ ਵਾਲੇ ਆਪਣੀ ਪੁਸਤਕ "ਰਵਿਦਾਸੀਆ ਕੌਮ ਦੇ ਅਨਮੋਲ ਹੀਰੇ " 'ਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੇ ਜਨਮ ਸਬੰਧੀ ਇੱਕ ਇਤਿਹਾਸਿਕ ਘਟਨਾ ਦਾ ਵਰਣਨ ਕਰਦੇ ਹਨ ਕਿ 11 ਜੂਨ 1972 ਨੂੰ ਡੇਰੇ ਦੇ ਸੰਸਥਾਪਕ ਅਤੇ ਮਹਾਨ ਤਪੱਸਵੀ ਸੰਤ ਸਰਵਣ ਦਾਸ ਮਹਾਰਾਜ ਜੀ ਬ੍ਰਹਮਲੀਨ ਹੋ ਗਏ। ਜਦੋਂ ਉਹਨਾਂ ਦੇ ਭੌਤਿਕ ਸਰੀਰ ਨੂੰ ਅਗਨ ਭੇਂਟ ਕੀਤਾ ਜਾ ਰਿਹਾ ਸੀ ਤਾਂ ਅਚਾਨਕ ਸਰੀਰ ਵਿੱਚੋਂ ਇੱਕ ਖੂਨ ਦੀ ਧਾਰਾ ਨਿਕਲੀ, ਨੇੜੇ ਖੜੇ ਸ੍ਰੀ ਗੁਰਦਾਸ ਰਾਮ ਜੀ 'ਤੇ ਖੂਨ ਦੀਆਂ ਕੁਝ ਬੂੰਦਾਂ ਡਿੱਗੀਆਂ। ਸੰਤ ਸਰਵਣ ਦਾਸ ਜੀ ਦੇ ਪ੍ਰੀਨਿਰਵਾਣ ਤੋਂ ਪੂਰੇ 09 ਮਹੀਨੇ ਬਾਅਦ ਸੰਤ ਸੁਰਿੰਦਰ ਦਾਸ ਬਾਵਾ ਜੀ ਦਾ ਆਗਮਨ ਹੁੰਦਾ ਹੈ। ਜੋ ਸੋਚਣ ਤੇ ਵਿਚਾਰਨ ਵਾਲੀ ਅਹਿਮ ਗੱਲ ਹੈ? ਇਸ ਦਾ ਭਾਵ ਇਹ ਹੈ ਕਿ ਸੰਤ ਸਰਵਣ ਦਾਸ ਮਹਾਰਾਜ ਜੀ ਦਾ ਅਸ਼ੀਰਵਾਦ ਸੰਤ ਬਾਵਾ 'ਤੇ ਹੈ। ਡੇਰੇ ਵਿਖੇ ਸੰਤ ਬਾਵਾ ਜੀ ਰੋਗੀਆਂ ਦੇ ਆਯੁਰਵੈਦਿਕ ਦਵਾਈਆਂ ਨਾਲ ਸਰੀਰਕ ਰੋਗ ਕੱਟ ਦਿੰਦੇ ਸਨ। ਮਹਾਂਪੁਰਸ਼ ਹਮੇਸ਼ਾ ਹੀ ਸੰਗਤਾਂ ਦੀ ਸੇਵਾ ਵਿੱਚ ਹਾਜ਼ਰ ਰਹਿੰਦੇ । ਸੰਤ ਬਾਵਾ ਜੀ ਨੇ ਸੰਤ ਹਰੀ ਦਾਸ ਜੀ ਮਹਾਰਾਜ , ਸੰਤ ਗਰੀਬ ਦਾਸ ਜੀ ਮਹਾਰਾਜ , ਸੰਤ ਨਿਰੰਜਨ ਦਾਸ ਜੀ ਮਹਾਰ-ਾਜ ਅਤੇ ਸੰਤ ਰਾਮਾ ਨੰਦ ਜੀ ਮਹਾਰਾਜ ਜੀ ਦੇ ਹੁਕਮਾਂ ਮੁਤਾ-ਬਕ ਡੇਰੇ ਦੀ ਬਿਹਤਰੀ ਲਈ ਆਪਣੀਆਂ ਅਹਿਮ ਭੂਮਿਕਾਵਾਂ ਨਿਭਾਈਆਂ। ਭਾਰਤ ਇੱਕ ਸੈਕੂਲਰ ਸਟੇਟ ਹੈ। ਜਿੱਥੇ ਕਈ ਧਰਮਾਂ ਦੇ ਲੋਕ ਰਹਿੰਦੇ ਹਨ। ਉਹ ਆਪਣੇ-ਆਪਣੇ ਧਰਮਾਂ ਵਿੱਚ ਆਸਥਾ ਰੱਖਦੇ ਹਨ। ਇਸੇ ਤਰ੍ਹਾਂ ਭਾਰਤ ਵਿੱਚ "ਰਵਿਦਾਸੀਆ ਧਰਮ " 30 ਜਨਵਰੀ 2010 ਨੂੰ ਬਨਾਰਸ ਦੀ ਪਵਿੱਤਰ ਧਰਤੀ 'ਤੇ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ, ਸੀਰ ਗੋਵਰਧਨਪੁਰ ਬਨਾਰਸ ਵਿਖੇ ਡੇਰਾ ਸੰਤ ਸਰਵਣ ਦਾਸ ਸੱਚਖੰਡ ਬੱਲਾਂ, ਜਲੰਧਰ



(ਪੰਜਾਬ) ਦੇ ਮੌਜੂਦਾ ਗੱਦੀ ਨਸ਼ੀਨ ਸੰਤ ਨਿਰੰਜਨ ਦਾਸ ਜੀ ਮਹਾਰਾਜ ਦੀ ਯੋਗ ਅਗਵਾਈ 'ਚ, ਸੰਤ ਸਮਾਜ ਅਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਲੱਖਾਂ ਸ਼ਰਧਾਲੂ ਸੰਗਤਾਂ ਵਿੱਚ ਐਲਾਨ ਕਰਕੇ ਇਕ ਅਲੱਗ ਪਹਿਚਾਣ ਪ੍ਰਦਾਨ ਕੀਤੀ। "ਸ੍ਰੀ ਗੁਰੂ ਰਵਿਦਾਸ ਅੰਮ੍ਰਿਤਬਾਣੀ ਗ੍ਰੰਥ " ਦਾ ਆਗਾਜ਼ ਕੀਤਾ। ਅੱਜ ਲੱਖਾਂ ਸੰਗਤਾਂ "ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਗ੍ਰੰਥ " ਦਾ ਓਟ ਆਸਰਾ ਲੈ ਕੇ ਆਪਣੇ ਸ਼ੁੱਭ ਕਾਰਜ ਕਰਦੀਆਂ ਹਨ। ਸ਼ਰਧਾਲੂ ਜਨ ਸਤਿਗੁਰਾਂ ਦੀ ਬਾਣੀ ਦਾ ਜਾਪ ਕਰਕੇ ਆਪਣਾ ਜੀਵਨ ਸਫਲ ਕਰਦੇ ਹਨ। ਸੰਤ ਬਾਵਾ ਜੀ ਦੀ ਜ਼ਿੰਦਗੀ 'ਚ ਇੱਕ ਨਵਾਂ ਮੋੜ ਆਇਆ। ਜਿਸ 'ਚ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਰਹਿਨੁਮਾਈ ਹੇਠ 27 ਮਾਰਚ 2014 ਨੂੰ "ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ " ਦੀ ਉਸਾਰੀ ਦਾ ਨੀਂਹ ਪੱਥਰ ਸੰਤ ਸਮਾਜ ਅਤੇ ਸੰਗਤਾਂ ਦੀ ਹਾਜ਼ਰੀ 'ਚ ਸੰਤ ਬੀਬੀ ਕ੍ਰਿਸ਼ਨਾ ਦੇਵੀ ਜੀ ਮੌਜੂਦਾ ਗੱਦੀ ਨਸ਼ੀਨ ਡੇਰਾ ਸੰਤ ਹਰੀ ਦਾਸ ਮਹਾਰਾਜ ਜੀ ਬੋਪਾਰਾਏ ਕਲਾਂ, ਨੇ ਆਪਣੇ ਕਰ ਕਮਲਾਂ ਨਾਲ ਰੱਖਿਆ, ਜੋ ਜਲੰਧਰ ਤੋਂ ਪਠਾਨਕੋਟ ਜਾਣ ਵਾਲੇ ਰਾਸ਼ਟਰੀ ਰਾਜ ਮਾਰਗ 'ਤੇ ਸਥਿਤ ਹੈ। ਇਸ ਅਸਥਾਨ ਲਈ ਇੱਕ ਪਲਾਟ ਸਵਰਗਵਾਸੀ ਸ੍ਰੀ ਮੋਹਣ ਲਾਲ ਜੀ ਦੀ ਸੁਪਤਨੀ ਸ੍ਰੀਮਤੀ ਬੀਬੀ ਸ਼ਕੁੰਤਲਾ ਜੀ ਕਾਹਨਪੁਰ ਦੇ ਪਰਿਵਾਰ ਵੱਲੋਂ ਦਾਨ ਦਿੱਤਾ ਗਿਆ। ਇਹ ਅਸਥਾਨ ਸੰਗਤਾਂ ਦੇ ਭਾਰੀ ਸਹਿਯੋਗ ਦੇ ਨਾਲ ਕੁਝ ਸਮੇਂ ਵਿੱਚ ਬਣ ਕੇ ਤਿਆਰ ਹੋ ਗਿਆ। ਇੱਕ ਛੋਟੇ ਜਿਹੇ ਪਿੰਡ 'ਚ ਉੱਚੀਆਂ ਬੁਲੰਦੀਆਂ ਨੂੰ ਛੂੰਹਦਾ ਹੋਇਆ ਇਹ ਅਸਥਾਨ ਪੂਰੇ ਵਿਸ਼ਵ ਵਿੱਚ ਆਪਣੀਆਂ ਕਿਰਨਾਂ ਬਿਖੇਰ ਰਿਹਾ ਹੈ। ਜਿੱਥੇ ਲੱਖਾਂ ਸ਼ਰਧਾਲੂ ਨਤਮ-ਸਤਕ ਹੋ ਕੇ ਆਪਣੀ ਜ਼ਿੰਦਗੀ ਨੂੰ ਸਫ਼ਲ ਬਣਾਉਂਦੇ ਹਨ। ਰਵਿਦਾਸੀਆ ਧਰਮ ਪ੍ਰਚਾਰ ਅਤੇ ਪ੍ਰਸਾਰ ਲਈ ਯੂਰਪ ਦੀਆਂ ਸੰਗਤਾਂ ਵੱਲੋਂ 1 ਜਨਵਰੀ 2015 ਨੂੰ ਇੱਕ ਸਫਾਰੀ ਗੱਡੀ ਸੰਤਾਂ ਨੂੰ ਭੇਂਟ ਕੀਤੀ ਗਈ। ਇਸ ਅਸਥਾਨ 'ਤੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਇੱਕ ਫਰੀ ਸੰਗੀਤ ਅਕੈਡਮੀ ਖੋਲ੍ਹੀ ਗਈ ਹੈ, ਜਿੱਥੇ 50 ਵਿਦਿਆਰਥੀ ਅਕੈਡਮੀ ਤੋਂ ਲਾਭ ਪ੍ਰਾਪਤ ਕਰ ਰਹੇ ਹਨ। ਇੱਥੇ ਸਰੀਰਕ ਰੋਗੀਆਂ ਲਈ ਆਯੁਰਵੈਦਿਕ ਦਵਾਈਆਂ ਵੀ ਫਰੀ ਦਿੱਤੀਆਂ ਜਾਂਦੀਆਂ ਹਨ । ਬੇਰੁਜ਼ਗਾਰ ਵਿਦਿਆਰਥੀਆਂ ਨੂੰ ਅਲੱਗ- ਅਲੱਗ ਕੋਰਸਾਂ ਅਤੇ ਕੰਮਾਂ ਨਾਲ ਸਬੰਧਿਤ ਕੋਰਸਾਂ ਨਾਲ ਜੋੜਿਆ ਜਾਂਦਾ ਹੈ। ਇਸੇ ਅਸਥਾਨ 'ਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੀ ਯਾਦ ਵਿੱਚ ਇੱਕ ਲਾਇਬਰੇਰੀ ਬਣਾਈ ਗਈ ਹੈ। ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਤਾਬਾਂ ਹਨ ।ਇੱਥੇ ਦਲਿਤ ਇਤਿਹਾਸ ਅਤੇ ਦਲਿਤ ਸਬੰਧੀ ਲੇਖਿਕਾ ਦੀਆਂ ਕਿਤਾਬਾਂ ਰੱਖੀਆਂ ਗਈਆਂ ਹਨ। ਮਹਾਨ ਗੁਰੂਆਂ, ਦੇਸ਼ ਭਗਤਾਂ, ਯੋਧਿਆਂ ਅਤੇ ਸਾਹਿਤਕਾਰਾਂ ਨਾਲ ਸਬੰਧਿਤ ਸਾਹਿਤ ਇਸ ਲਾਇਬਰੇਰੀ ਵਿੱਚ ਮੌਜੂਦ ਹੈ। ਮਹਾਂਰਾਸ਼ਟਰ ਸਰਕਾਰ ਵੱਲੋਂ ਛਾਪੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਸਾਰੇ ਵੋਲੀਅਮਸ ਵੀ ਉਪਲੱਬਧ ਹਨ। ਲਿਖਾਰੀਆਂ ਨੂੰ ਇਥੋਂ ਮੁਫਤ ਕਿਤਾਬਾਂ ਵੀ ਦਿੱਤੀਆਂ ਜਾਂਦੀਆਂ ਹਨ। ਜਗਤ ਗੁਰੂ ਰਵਿਦਾਸ ਮਹਾਰਾਜ ਜੀ ਅਤੇ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦੇ ਮਿਸ਼ਨ ਦਾ ਲਗਾਤਾਰ ਪ੍ਰਚਾਰ ਤੇ ਪ੍ਰਸਾਰ ਕੀਤਾ ਜਾਂਦਾ ਹੈ। ਇਸ ਅਸਥਾਨ ਤੇ ਜਗਤ ਗੁਰੂ ਰਵਿਦਾਸ ਐਜੂਕੇਸ਼ਨ ਸੈਂਟਰ ਦਾ ਨਿਰਮਾਣ ਹੋ ਚੁੱਕਾ ਹੈ। ਇੱਥੇ ਵਿਦਿਆਰਥੀਆਂ ਨੂੰ ਪ੍ਰੀਖਿਆ ਦੀ ਤਿਆਰੀ ਕਰਵਾਈ ਜਾਂਦੀ ਹੈ ਅਤੇ ਮਾਹਿਰ ਵਿਦਵਾਨਾਂ ਦੁਆਰਾ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ। ਇੱਥੇ ਆਈ.ਏ.ਐਸ., ਪੀ.ਸੀ.ਐਸ. ਬੈਂਕਿੰਗ ਆਦਿ ਦੀ ਕੋਚਿੰਗ ਦੇਣ ਦਾ ਵੀ ਉਪਰਾਲਾ ਸੰਤ ਬਾਵਾ ਜੀ ਵਲੋਂ ਕਰਨ ਦੀ ਤਜ਼ਵੀਜ਼ ਹੈ। ਜੋ ਗਰੀਬ ਵਿਦਿਆਰਥੀਆਂ ਲਈ ਰੁਜ਼ਗਾਰ ਪ੍ਰਾਪਤ ਕਰਨ ਵਿੱਚ ਇੱਕ ਵੱਡੀ ਮਦਦ ਹੋਵੇਗੀ। ਇੱਥੇ ਪਲਸ ਟੂ, ਦਸਵੀਂ , ਪਲਸ ਟੂ ਮੈਡੀਕਲ ਅਤੇ ਨਾਨ ਮੈਡੀਕਲ ਦੀਆਂ ਪੁਸਤਕਾਂ ਮੁਫਤ ਵਿੱਚ ਪੜਨ ਲਈ ਵਿਦਿਆਰਥੀਆਂ ਨੂੰ ਮੁਹੱਈਆ ਕੀਤੀਆਂ ਜਾਂਦੀਆਂ ਹਨ। ਜਿਸ ਤੋਂ ਸੈਂਕੜੇ ਵਿਦਿਆਰਥੀ ਲਾਭ ਲੈ ਰਹੇ ਹਨ। ਇਸੇ ਅਸਥਾਨ 'ਤੇ ਅੰਮ੍ਰਿਤ ਬਾਣੀ ਭਵਨ 'ਚ "ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ " ਸੁਸ਼ੋਭਿਤ ਹੈ, ਜਿਸ ਦੇ ਸਵੇਰੇ ਸ਼ਾਮ ਜਾਪ ਹੁੰਦੇ ਹਨ। ਇਸ ਪਾਵਨ ਅਸਥਾਨ ਤੇ ਸੰਤ ਸੁਰਿੰਦਰ ਦਾਸ ਬਾਵਾ ਜੀ ਨੇ ਪੱਕੇ ਤੌਰ 'ਤੇ ਨਿਵਾਸ ਸਥਾਨ ਬਣਾਇਆ ਹੋਇਆ ਹੈ। ਇੱਥੇ ਰਵਿਦਾਸੀਆ ਧਰਮ ਦੇ ਨਿਯਮਾਂ ਮੁਤਾਬਕ ਹੀ ਆਪਣੇ ਆਪ ਨੂੰ ਢਾਲ ਕੇ ਚੱਲਣਾ ਪੈਂਦਾ ਹੈ। ਸੰਤ ਸੁਰਿੰਦਰ ਦਾਸ ਬਾਵਾ ਜੀ 2010, 11 ,12, 13 ਵਿੱਚ ਕਈ ਵਾਰ ਯੂਰਪ ,ਅਸਟਰੀਆ, ਗਰੀਸ, ਇਟਲੀ ,ਫਰਾਂਸ ,ਜਰਮਨ, ਹਾਲੈਂਡ, ਸਪੇਨ,ਨਾਰਵੇ ,ਅਮਰੀਕਾ ,ਕੈਨੇਡਾ ,ਯੂ.ਐਸ.ਈ.ਅਤੇ ਯੂ.ਕੇ. ਵਿੱਚ , 2014 ,15,16,17,18 'ਚ ਇਟਲੀ, ਗਰੀਸ ਪੁਰਤਗਾਲ, ਆਸਟਰੀਆ, ਇਟਲੀ ਅਮਰੀਕਾ ਕਨੇਡਾ ਇੰਗਲੈਂਡ, ਯੂਰਪ, 2019 21,22,23 ਅਤੇ 24 ਵਿੱਚ ਆਸਟਰੇਲੀਆ, ਇੰਗਲੈਂਡ, ਅਮਰੀਕਾ, ਜਰਮਨੀ ਪੁਰਤਗਾਲ ਇਟਲੀ ਆਦਿ ਦੇਸ਼ਾਂ ਵਿੱਚ ਰਵਿਦਾਸੀਆ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ। ਸੰਤ ਬਾਵਾ ਜੀ ਨੂੰ ਦੇਸ਼ -ਵਿਦੇਸ਼ ਦੀਆਂ ਕਈ ਸਭਾਵਾਂ ਵੱਲੋਂ ਗੋਲਡ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ, ਜਿਨਾਂ 'ਚ ਸ੍ਰੀ ਗੁਰੂ ਰਵਿਦਾਸ ਸਭਾ ਬੈਰਗਾਹਮੋ ਇਟਲੀ, ਸ੍ਰੀ ਗੁਰੂ ਰਵਿਦਾਸ ਸਭਾ ਰੋਮ, ਸ੍ਰੀ ਗੁਰੂ ਰਵਿਦਾਸ ਦਰਬਾਰ ਕਰੋਪੀ ਐਥਨਸ ,ਗਰੀਸ ,ਟਰਾਂਟੋ ,ਸੂਚੀ ਪਿੰਡ ,ਯੂ.ਕੇ., ਅਮਰੀਕਾ ਆਦਿ ਹਨ। ਇਸੇ ਸਥਾਨ ਤੋਂ ਸੰਤ ਸੁਰਿੰਦਰ ਦਾਸ ਬਾਵਾ ਜੀ ਦੀ ਅਗਵਾਈ ਵਿੱਚ ਇੱਕ ਬੱਸ ਯਾਤਰਾ ਜਲੰਧਰ ਤੋਂ ਰਾਜਸਥਾਨ ਤੱਕ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੰਤ ਬੀਬੀ ਕ੍ਰਿਸ਼ਨਾ ਦੇਵੀ ਬੋਪਾਰਾਏ ,ਸੰਤ ਹਰਵਿੰਦਰ ਦਾਸ ਆਦਮਪੁਰ ਵਾਲੇ, ਸੰਤ ਬਲਵੀਰ ਦਾਸ ਖੰਨੇ ਵਾਲੇ ਅਤੇ ਸੰਗਤਾਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਿਕ ਸਥਾਨ ਦੇ ਦਰਸ਼ਨ ਕੀਤੇ। ਰਾਜਸਥਾਨ ਵਿੱਚ ਸ਼ੋਭਾ ਯਾਤਰਾ ਵੀ ਕੱਢੀ ਗਈ।ਇਸੇ ਅਸਥਾਨ ਤੋਂ ਅੰਮ੍ਰਿਤਬਾਣੀ ਸਤਿਗੁਰੂ ਰਵਿਦਾਸ ਮਹਾਰਾਜ ਜੀ, ਸਟੀਕ (ਅੰਗਰੇਜ਼ੀ )ਅਤੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਕੀ ਪਾਵਨ ਜੀਵਨ ਕਥਾ (ਅੰਗਰੇਜੀ) ਨੂੰ ਵਿਸ਼ਵ ਦੀਆਂ ਅਨੇਕਾਂ ਯੂਨੀਵਰਸਿਟੀਆਂ ਵਿੱਚ ਭੇਜਿਆ ਗਿਆ ਹੈ। ਸਤਿਗੁਰੂ ਰਵਿਦਾਸ ਅੰਮ੍ਰਿਤਬਾਣੀ ਗ੍ਰੰਥ ਨੂੰ ਦੇਸ਼ ਦੀਆਂ ਵੱਖ- ਵੱਖ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕਰਕੇ ਵੰਡਿਆ ਗਿਆ ਹੈ। ਇਸ ਪ੍ਰਚਾਰ ਅਸਥਾਨ ਤੋਂ ਸਤਿਗੁਰੂ ਸਰਵਣ ਦਾਸ ਜੀ ਮਹਾਰਾਜ ਜੀ ਦਾ ਸੰਕਲਪ ਸਾਕਾਰ ਹੁੰਦਾ ਨਜ਼ਰ ਆ ਰਿਹਾ ਹੈ ।ਜਿਸ ਬਾਰੇ 'ਚ ਮਹਾਰਾਜ ਜੀ ਸੋਚਿਆ ਕਰਦੇ ਸਨ ਕਿ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਦਾ ਘਰ -ਘਰ ਪ੍ਰਚਾਰ ਹੋਵੇ ।ਇਸ ਮਹਾਨ ਕਾਰਜ ਦੇ ਲਈ ਸੰਤ ਸੁਰਿੰਦਰ ਦਾਸ ਬਾਵਾ ਜੀ ਦਿਨ -ਰਾਤ ਇੱਕ ਕਰਦੇ ਹੋਏ ਯਤਨਸ਼ੀਲ ਹਨ । ਸਤਿਗੁਰੂ ਇਹਨਾਂ ਉੱਤੇ ਆਪਣੀ ਕਿਰਪਾ ਦ੍ਰਿਸ਼ਟੀ ਬਣਾਈ ਰੱਖੇ ਤਾਂ ਜੋ ਕੇ ਕੌਮ ਦੇ ਕੰਮਾਂ ਵਿੱਚ ਡਟੇ ਰਹਿਣ ।ਇਸ ਪ੍ਰਕਾਰ ਅਸਥਾਨ ਦੀ ਪ੍ਰਸਿੱਧੀ ਪੂਰੇ ਵਿਸ਼ਵ ਵਿੱਚ ਤੇਜੀ ਨਾਲ ਹੋ ਰਹੀ ਹੈ।ਜਿਸ ਨੂੰ ਸਫਲ ਬਣਾਉਣ ਲਈ ਸਾਰੀ ਸੰਗਤ ਦਾ ਸਹਿਯੋਗ ਹੈ। ਰਵਿਦਾਸੀਆ ਕੌਮ ਨੂੰ ਮਾਣ ਹੈ ਸੰਤ ਸੁਰਿੰਦਰ ਦਾਸ ਬਾਵਾ ਜੀ 'ਤੇ ਕਿਉਂਕਿ ਉਹ ਰਵਿਦਾਸੀਆ ਕੌਮ ਦੇ ਸੱਚੇ ਤੇ ਸੁੱਚੇ ਜਰਨੈਲ ਹਨ।

**-ਪ੍ਰਿੰਸੀਪਲ**
**ਪਰਮਜੀਤ ਜੱਸਲ**
**98721 -80653**


joo
Just Order Online
WANT TO SAVE £1000'S IN YOUR RESTAURANT?
TABLET ORDERING SYSTEM
KITCHEN DISPLAY & KITCHEN PRINTERS
ONLINE ORDERING & TABLE BOOKING
INTEGRATED CARD MACHINES
JOO AI – ADVANCED BUSINESS INTELLIGENCE
POS,PRINTER, WEBSITE, ORDER BOOKING SYSTEM FROM
STARTING FROM
WAS £999
NOW ONLY
£249
Contact Us
+44-7846-588928
OFFER ENDS
28 FEB 2026
justorderonline.co.uk
info@justorderonline.co.uk
T&Cs apply - 2 year contract. Subject to availability

# ਪੁਨਰ - ਜਨਮ ਕੀ ਹੈ ਅਤੇ ਮਰਨ ਤੋਂ ਬਾਅਦ ਕੀ ਹੁੰਦਾ ਹੈ?

**(ਜੋੜਨ ਲਈ ਪਿਛਲਾ ਅੰਕ ਦੇਖੋ ਜੀ)**

ਭਿਕਸ਼ੁਣੀ ਖੇਮਾ:- "ਮਹਾਰਾਜ । ਇਹ ਗੱਲ ਤਥਾਗਤ ਵਲੋਂ ਜ਼ਾਹਿਰ ਨਹੀਂ ਕੀਤੀ ਗਈ।"

ਕੌਸ਼ਲ-ਨਰੇਸ਼ ਪ੍ਰਸੇਨਜਿੱਤ: - "ਬੀਬੀ ! ਇਹ ਕਿਹੋ ਜਿਹੀ ਗੱਲ ਹੈ, ਜਦੋਂ ਮੈਂ ਪੁੱਛਦਾ ਹਾਂ ਕਿ 'ਕੀ ਤਥਾਗਤ ਮਰਨ ਤੋਂ ਬਾਅਦ ਰਹਿੰਦੇ ਹਨ ? ਤਾਂ ਆਪ ਦਾ ਜਵਾਬ ਹੁੰਦਾ ਹੈ ਕਿ ਤਥਾਗਤ ਨੇ ਇਹ ਗੱਲ ਜ਼ਾਹਿਰ ਨਹੀਂ ਕੀਤੀ' ਅਤੇ ਜਦੋਂ ਪੁੱਛਿਆ ਜਾਂਦਾ ਹੈ ਕਿ ਕੀ ਤਥਾਗਤ ਮਰਨ ਤੋਂ ਬਾਅਦ ਨਹੀਂ ਰਹਿੰਦੇ ? ਤਾਂ ਵੀ ਆਪ ਦਾ ਇਹੀ ਜਵਾਬ ਹੁੰਦਾ ਹੈ ਕਿ ਤਥਾਗਤ ਨੇ ਇਹ ਗੱਲ ਜ਼ਾਹਿਰ ਨਹੀਂ ਕੀਤੀ।' ਬੀਬੀ ਡ ਮਿਹਰਬਾਨੀ ਕਰਕੇ ਦੱਸੋ ਕਿ ਇਸ ਪਿੱਛੇ ਕੀ ਕਾਰਣ ਹੈ ? ਇਸ ਦੀ ਕੀ ਵਜ੍ਹਾ ਹੈ ਕਿ ਤਥਾਗਤ ਇਹ ਗੱਲ ਜ਼ਾਹਿਰ ਨਹੀਂ ਕਰਦੇ ਹਨ ?"

ਭਿਕਸ਼ੁਣੀ ਖੇਮਾ :-"ਮਹਾਰਾਜ। ਇਸ ਮਸਲੇ ਤੇ ਮੈਂ ਆਪ ਤੋਂ ਇੱਕ ਸਵਾਲ ਪੁੱਛਦੀ ਹਾਂ, ਜਿਵੇਂ ਤੁਸੀਂ ਠੀਕ ਸਮਝੋ।

ਜਵਾਬ ਦੇਣਾ। ਮਹਾਰਾਜ, ਹੁਣ ਤੁਸੀਂ ਕੀ ਆਖਦੇ ਹੋ? ਕੀ ਤੁਹਾਡੇ ਕੋਲ ਕੋਈ ਅਜਿਹਾ ਗਣਿਕ, ਕੋਈ ਹਿਸਾਬ ਲਾ ਕੇ ਦੱਸਣ ਵਾਲਾ ਹੈ ? ਜਿਹੜਾ ਹਿਸਾਬ ਲਾ ਕੇ ਇਹ ਦੱਸ ਸਕੇ ਕਿ ਕਿਸੇ ਨਦੀ ਰੇਤ ਦੇ ਇੰਨੇ ਸੌ ਕਣ ਹਨ ਜਾਂ ਇੰਨੇ ਹਜ਼ਾਰ ਕਣ ਹਨ, ਜਾਂ ਇੰਨੇ ਲੱਖ ਕਣ ਹਨ ? "ਨਹੀਂ। ਯਕੀਨਨ ਨਹੀਂ।" "ਤਾਂ ਕੀ ਤੁਹਾਡੇ ਕੋਲ ਕੋਈ ਅਜਿਹਾ ਗਣਿਕ ਜਾਂ ਹੋਰ ਕੋਈ ਹੈ ਜਿਹੜਾ ਹਿਸਾਬ ਲਾ ਕੇ ਇਹ ਦੱਸ ਸਕੇ ਕਿ ਮਹਾਂਸਾਗਰ ਵਿੱਚ ਕਿੰਨਾ ਪਾਣੀ ਹੈ ? ਕਿੰਨੇ ਸੌ ਬਾਲਟੀ ਪਾਣੀ ਹੈ, ਜਾਂ ਕਿੰਨੇ ਹਜ਼ਾਰ ਬਾਲਟੀ ਪਾਣੀ ਹੈ ਜਾਂ ਕਿੰਨੇ ਲੱਖ ਬਾਲਟੀ ਪਾਣੀ ਹੈ ? "ਨਹੀਂ। ਯਕੀਨਨ ਨਹੀਂ।" ਇਹ ਕਿਵੇਂ ਹੈ ?"

ਕੌਸ਼ਲ-ਨਰੇਸ਼ ਪ੍ਰਸੇਨਜਿੱਤ:- "ਬੀਬੀ ਮਹਾਂਸਾਗਰ ਵਿਸ਼ਾਲ ਹੈ ਅਤਿ ਡੂੰਘਾ ਹੈ, ਅਸੀਮ ਹੈ, ਉਸ ਦੀ ਤਹਿ ਤੱਕ ਨਹੀਂ ਪਹੁੰਚਿਆ ਜਾ ਸਕਦਾ ।"

ਭਿਕਸ਼ੁਣੀ ਖੇਮਾ :- "ਇਸੇ ਤਰ੍ਹਾਂ ਮਹਾਰਾਜ, ਜੇ ਕੋਈ ਤਥਾਗਤ ਦੇ ਭੌਤਿਕ ਰੂਪ ਨੂੰ ਲੈ ਕੇ ਹੱਦ ਮਿੱਥਣਾ, ਮਾਪਣਾ ਚਾਹੇ ਤਾਂ ਤਥਾਗਤ ਦਾ ਉਹ ਰੂਪ ਤਿਆਗਿਆ ਹੋਇਆ ਹੈ, ਉਹ ਜੜ-ਮੂਲ ਨਾਲੋਂ ਕੱਟ ਚੁੱਕਾ ਹੈ, ਉਹ ਤਾੜ ਰੁੱਖ ਦੇ ਡੰਡ ਵਾਂਗ ਬਣਾ ਦਿੱਤਾ ਗਿਆ ਹੈ, ਉਹ ਅਭਾਵ ਨੂੰ ਪ੍ਰਾਪਤ ਹੋ ਚੁੱਕਾ ਹੈ। ਉਹ ਹੁਣ ਇਸ ਸੁਭਾਓ ਦਾ ਬਣ ਗਿਆ ਹੈ ਕਿ ਭਵਿੱਖ ਵਿਚ ਉਸ ਦੀ ਪੁਨਰ-ਉਤਪੱਤੀ ਸੰਭਵ ਨਹੀਂ। ਮਹਾਰਾਜ ! ਤਥਾਗਤ ਦੇ ਭੌਤਿਕ ਰੂਪ ਨੂੰ ਲੈ ਕੇ ਤਥਾਗਤ ਦੀ ਤਹਿ ਤੱਕ ਨਹੀਂ ਪਹੁੰਚਿਆ ਜਾ ਸਕਦਾ ਹੈ । ਤਥਾਗਤ ਸੰਜੀਦਾ ਹਨ, ਤਥਾਗਤ ਅਸੀਮ ਹਨ, ਉਨ੍ਹਾਂ ਦੀ ਤਹਿ ਤਕ ਨਹੀਂ ਪਹੁੰਚਿਆ ਜਾ ਸਕਦਾ, ਜਿਵੇਂ ਕਿ ਮਹਾਂਸਾਗਰ ਦੀ ਤਹਿ ਤਕ ਨਹੀਂ ਪਹੁੰਚਿਆ ਜਾ ਸਕਦਾ। ਇਹ ਕਹਿਣਾ ਕਿ, 'ਤਥਾਗਤ ਮਰਨ ਦੇ ਬਾਅਦ ਵੀ ਰਹਿੰਦੇ ਹਨ। ਸੁਸੰਗਤ ਨਹੀਂ ਹੈ। ਇਹ ਕਹਿਣਾ ਕਿ, 'ਤਥਾਗਤ ਮਰਨ ਦੇ ਬਾਅਦ ਨਹੀਂ ਰਹਿੰਦੇ ਹਨ, ਵੀ ਸੁਸੰਗਤ ਨਹੀਂ ਹੈ। ਇਹ ਕਹਿਣਾ ਕਿ, 'ਤਥਾਗਤ ਮਰਨ ਦੇ ਬਾਅਦ ਰਹਿੰਦੇ ਵੀ ਹਨ ਅਤੇ ਨਹੀਂ ਵੀ ਰਹਿੰਦੇ ਹਨ, ਨਾ ਹੀ ਰਹਿੰਦੇ ਹਨ ,ਨਾ ਹੀ, ਨਹੀਂ ਵੀ ਰਹਿੰਦੇ ਹਨ," ਇਹ ਵੀ ਸੁਸੰਗਤ ਨਹੀਂ।ਇਸੇ ਤਰ੍ਹਾਂ ਮਹਾਰਾਜ। ਜੇ ਕੋਈ ਤਥਾਗਤ ਦੀ ਵੇਦਨਾ ਤੋਂ ਤਥਾਗਤ ਦੀ ਵਿਸ਼ੇਸ਼ਤਾ ਦੱਸਣੀ ਚਾਹੇ ਤਾਂ ਤਥਾਗਤ ਦੀ ਵੇਦਨਾ ਛੁੱਟਣ ਹੈ, ਉਹ ਜੜ੍ਹ-ਮੂਲ ਨਾਲੋਂ ਕੱਟ ਚੁੱਕੀ ਹੈ, ਉਹ ਤਾਰ ਰੁੱਖ ਦੇ ਡੰਡ ਵਾਂਗ ਬਣਾ ਦਿੱਤੀ ਗਈ ਹੈ, ਉਹ ਅਭਾਵ ਨੂੰ ਪ੍ਰਾਪਤ ਹੋ ਚੁੱਕੀ ਹੈ, ਉਹ ਹੁਣ ਇਸ ਸੁਭਾਓ ਦੀ ਹੈ ਕਿ ਭਵਿੱਖ ਵਿਚ ਉਸ ਦੀ ਪੁਨਰ-ਉਤਪੱਤੀ ਦੀ ਸੰਭਾਵਨਾ ਜਾਂਦੀ ਰਹੀ ਹੈ, ਮਹਾਰਾਜ ! ਤਥਾਗਤ ਦੀ ਵੇਦਨਾ ਨੂੰ ਲੈਕੇ ਤਥਾਗਤ ਦੀ ਤਹਿ ਤਕ ਨਹੀਂ ਪਹੁੰਚਿਆ ਤਾ ਸਕਦਾ ਹੈ; ਜਿਵੇਂ ਕਿ ਡੂੰਘੇ, ਅਸੀਮ, ਅਥਾਹ ਮਹਾਂਸਾਗਰ ਦੀ ਤਹਿ ਤਕ ਨਹੀਂ ਪਹੁੰਚਿਆ ਜਾ ਸਕਦਾ। ਇਸ ਲਈ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਤਥਾਗਤ ਮਰਨ ਦੇ ਬਾਅਦ ਰਹਿੰਦੇ ਹਨ, ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਤਥਾਗਤ ਮਰਨ ਦੇ ਬਾਅਦ ਨਹੀਂ ਰਹਿੰਦੇ ਹਨ।"ਇਸੇ ਤਰਾਂ




ਮਹਾਰਾਜ। ਜੇ ਕੋਈ ਤਥਾਗਤ ਦੀ ਸੰਗਯਾ ਤੋਂ ਤਥਾਗਤ ਦੇ ਸੰਸਕਾਰਾਂ ਤੋਂ ਤਥਾਗਤ ਦੇ ਵਿਗਿਆਨ (ਚਿੱਤ) ਤੇ ਤਥਾਗਤ ਨੂੰ ਮਾਪਣਾ ਚਾਹੇ ਤਾਂ ਤਥਾਗਤ ਦਾ ਵਿਗਿਆਨ ਛੁਟੱੜ ਹੈ.ਉਹ ਜੜ੍ਹ ਮੂਲ ਨਾਲੋਂ ਕੱਟ ਚੁੱਕਾ ਹੈ ਉਹ ਤਾੜ ਦੇ ਰੁੱਖ ਦੇ ਡੰਡ ਵਾਂਗ ਬਣਾ ਦਿੱਤਾ ਗਿਆ ਹੈ। ਉਹ ਦੀ ਸੰਭਾਵਨਾ ਨਹੀਂ ਰਹੀ। ਮਹਾਰਾਜ! ਤਥਾਗਤ ਦੇ ਵਿਗਿਆਨ ਨੂੰ ਲੈ ਕੇ ਤਥਾਗਤ ਦੀ ਤਹਿ ਤੱਕ ਨਹੀਂ ਪਹੁੰਚਿਆ ਜਾ ਸਕਦਾ ਹੈ, ਜਿਵੇਂ ਕਿ ਡੂੰਘੇ ਅਸੀਮ ਮਹਾਂਸਾਗਰ ਦੀ ਤਹਿ। ਇਸ ਲਈ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਤਥਾਗਤ ਮਰਨ ਦੇ ਬਾਅਦ ਰਹਿੰਦੇ ਹਨ, ਜਾਂ ਨਹੀਂ ਵੀ ਰਹਿੰਦੇ ਹਨ । ਤਦ ਕੌਸ਼ਲ-ਨਰੇਸ਼ ਪ੍ਰਸੇਨਜਿੱਤ ਭਿਕਸ਼ਣੀ ਖੇਮਾ ਦੇ ਸ਼ਬਦਾਂ ਤੋਂ ਖੁੱਸ਼ ਹੋਇਆ ਅਤੇ ਗਦ-ਗਦ ਹੋਇਆ। ਉਹ ਆਪਣੀ ਥਾਂ ਤੋਂ ਉਠਿੱਆ, ਨਮਸਕਾਰ ਕੀਤਾ ਤੇ ਚਲਾ ਗਿਆ।

ਇੱਕ ਹੋਰ ਸਮੇਂ ਤੇ ਕੋਸਲ ਦਾ ਰਾਜਾ ਪ੍ਰਸੇਨਜਿੱਤ ਤਥਾਗਤ ਦੇ ਦਰਸ਼ਨ ਕਰਨ ਲਈ ਗਿਆ ਅਤੇ ਕੋਲ ਪਹੁੰਚ ਕੇ ਉਸ ਨੇ ਪ੍ਰਣਾਮ ਕੀਤਾ ਅਤੇ ਇੱਕ ਪਾਸੇ ਬੈਠ ਗਿਆ। ਫਿਰ ਉਸ ਨੇ ਤਥਾਗਤ ਨੂੰ ਬੇਨਤੀ ਕੀਤੀ ਕਿ ਹੇ ਤਥਾਗਤ ਮਿਹਰਬਾਨੀ ਕਰਕੇ ਦੱਸਣਾ ਕਿ ਕੀ ਤਥਾਗਤ ਮਰਨ ਦੇ ਬਾਅਦ ਰਹਿੰਦੇ ਹਨ ?"

ਤਥਾਗਤ ਬੁੱਧ :- ਮਹਾਰਾਜ! ਇਹ ਗੱਲ ਮੇਰੇ ਦੁਆਰਾ ਜ਼ਾਹਿਰ ਨਹੀਂ ਕੀਤੀ ਗਈ।'

ਰਾਜਾ ਪ੍ਰਸੇਨਜਿੱਤ :- ਤਥਾਗਤ ! ਤਾਂ ਕੀ ਤਥਾਗਤ ਮਰਨ ਦੇ ਬਾਅਦ ਨਹੀਂ ਰਹਿੰਦੇ ਹਨ ?"

ਤਥਾਗਤ ਬੁੱਧ :-"ਮਹਾਰਾਜ! ਇਹ ਗੱਲ ਵੀ



**ਇੰਜ:- ਵਿਸ਼ਾਲ ਖੈਰਾ 327-574-2539 -ਮੇਰੀ ਕਿਤਾਬ ਦਾ ਆਉਣ ਵਾਲਾ ਅਗਲਾ ਭਾਗ-2( ਬੁੱਧ ਅਤੇ ਉਨ੍ਹਾ ਦਾ ਧੰਮ ਮੇਰੀ ਨਜ਼ਰ ਵਿੱਚ) (ਹਵਾਲਾ- ਬੁੱਧ ਅਤੇ ਉਨ੍ਹਾ ਦਾ ਧੰਮ ਲੇਖਕ ਬ੍ਰੀ ਆਰ.ਡਾ. ਅੰਬੇਡਕਰ)**

ਮੇਰੇ ਦੁਆਰਾ ਜ਼ਾਹਿਰ ਨਹੀਂ ਕੀਤੀ ਗਈ।" ਰਾਜੇ ਨੇ ਅਜਿਹੇ ਹੀ ਕਈ ਹੋਰ ਸਵਾਲ ਪੁੱਛੇ ਤਾਂ ਸਭ ਦਾ ਇਹੋ ਜਵਾਬ ਮਿਲਿਆ। "ਇਹ ਕਿਹੋ ਜਿਹੀ ਗੱਲ ਹੈ ਕਿ ਜਦੋਂ ਮੈਂ ਪੱਛਦਾ ਹਾਂ ਕਿ ਕੀ ਤਥਾਗਤ ਮਰਨ ਤੋਂ ਬਾਅਦ ਰਹਿੰਦੇ ਹਨ ? ਤਾਂ ਆਪ ਦਾ ਜਵਾਬ ਹੁੰਦਾ ਹੈ ਕਿ ਤਥਾਗਤ ਨੇ ਇਹ ਗੱਲ ਜ਼ਾਹਿਰ ਨਹੀਂ ਕੀਤੀ ਅਤੇ ਜਦੋਂ ਪੁੱਛਿਆ ਜਾਂਦਾ ਹੈ ਕਿ ਕੀ ਤਥਾਗਤ ਮਰਨ ਤੋਂ ਬਾਅਦ ਨਹੀਂ ਰਹਿੰਦੇ ? ਤਾਂ ਵੀ ਆਪ ਦਾ ਇਹੀ ਜਵਾਬ ਹੁੰਦਾ ਹੈ ਕਿ ਤਥਾਗਤ ਨੇ ਇਹ ਗੱਲ ਜ਼ਾਹਿਰ ਨਹੀਂ ਕੀਤੀ।' ਤਥਾਗਤ ਡ ਮਿਹਰਬਾਨੀ ਕਰਕੇ ਦੱਸਣਾ ਕਿ ਕੀ ਕਾਰਣ ਹੈ, ਕੀ ਵਜ੍ਹਾ ਹੈ ਕਿ ਤਥਾਗਤ ਨੇ ਇਹ ਗੱਲ ਜ਼ਾਹਿਰ ਨਹੀਂ ਕੀਤੀ ?"

ਤਥਾਗਤ ਬੁੱਧ :- "ਮਹਾਰਾਜ। ਇਸ ਮਸਲੇ ਤੇ ਮੈਂ ਆਪ ਤੋਂ ਇਕ ਸਵਾਲ ਪੁੱਛਦਾ ਹਾਂ, ਜਿਵੇਂ ਤੁਸੀਂ ਠੀਕ ਸਮਝੋ ਜਵਾਬ ਦੇਣਾ। ਮਹਾਰਾਜ, ਹੁਣ ਤੁਸੀਂ ਕੀ ਆਖਦੇ ਹੋ? ਕੀ ਤੁਹਾਡੇ ਕੋਲ ਕੋਈ ਅਜਿਹਾ ਗਣਿਕ, ਕੋਈ ਹਿਸਾਬ ਲਾ ਕੇ ਦੱਸਣ ਵਾਲਾ ਹੈ, ਜਿਹੜਾ ਹਿਸਾਬ ਲਾ ਕੇ ਇਹ ਦੱਸ ਸਕੇ ਕਿ ਕਿਸੇ ਨਦੀ ਵਿੱਚ ਰੇਤ ਦੇ ਇੰਨੇ ਸੌ ਕਣ ਹਨ ਜਾਂ ਇੰਨੇ ਹਜ਼ਾਰ ਕਣ ਹਨ, ਜਾਂ ਏਨੇ ਲੱਖ ਕਣ ਹਨ ?" ਬਾਕੀ ਸਾਰਾ ਪਹਿਲਾਂ ਦੀ ਤਰ੍ਹਾਂ ?. "ਬੇਮਿਸਾਲ ਹੈ ਤਥਾਗਤ। ਕਿੰਨੀ ਹੈਰਾਨੀ ਦੀ ਗੱਲ ਹੈ ਸੁਗਤ। ਕਿ ਗੁਰੂ ਅਤੇ ਚੇਲੀ ਦੇ ਜਵਾਬ ਵਿੱਚ, ਅਰਥ ਦੇ ਨਜ਼ਰੀਏ ਤੋਂ ਕਹਿਣ ਦੇ ਨਜ਼ਰੀਏ ਤੋਂ ਕਿੰਨੀ ਸਮਾਨ-ਤਾ ਹੈ, ਕਿੰਨੀ ਇੱਕਸੁਰਤਾ ਹੈ, ਜਰ੍ਹਾ ਵੀ ਵਿਰੋਧ ਨਹੀਂ ਸਰਬੋਚ ਸੰਬੰਧੀ ਸ਼ਬਦਾਂ ਵਿੱਚ।"ਤਥਾਗਤ" ਇੱਕ ਸਮੇਂ ਮੈਂ ਭਿਕਸ਼ੁਣੀ ਖੇਮਾ ਦੇ ਦਰਸ਼ਣ ਕਰਨ ਲਈ ਗਿਆ ਸੀ ਤੇ ਉਸ ਤੋਂ ਮੈਂ ਇਹੀ ਸਵਾਲ ਪੁੱਛਿਆ ਸੀ। ਉਸ ਨੇ ਬਿੱਲਕੁਲ ਆਪ ਦੁਆਰਾ ਵਰਤੇ ਗਏ ਸ਼ਬਦਾਂ ਵਿੱਚ, ਅੱਖਰਾਂ ਵਿੱਚ ਜਵਾਬ ਦਿੱਤਾ ਸੀ। ਬੇਮਿਸਾਲ ਹੈ ਗੌਤਮ ਕਿੰਨੀ ਹੈਰਾਨੀ ਦੀ ਗੱਲ ਹੈ ਸੁਗਤ! ਕਿ ਗੁਰੂ ਅਤੇ ਚੇਲੀ ਦੇ ਜਵਾਬ ਵਿੱਚ, ਅਰਥ ਦੇ ਨਜ਼ਰੀਏ ਤੋਂ, ਕਹਿਣ ਦੇ ਨਜ਼ਰੀਏ ਤੋਂ ਕਿੰਨੀ ਸਮਾਨਤਾ ਹੈ, ਕਿੰਨੀ ਇੱਕਸੁਰਤਾ ਹੈ, ਜਰ੍ਹਾ ਵੀ ਵਿਰੋਧ ਨਹੀਂ ਸਰਬੋਚ ਬਾਰੇ ਸ਼ਬਦਾਂ ਵਿੱਚ "ਚੰਗਾ ਤਥਾਗਤ ! ਹੁਣ ਇਜਾਜ਼ਤ ਦਿਓ। ਸਾਡਾ ਜਾਣਾ ਜ਼ਰੂਰੀ ਹੈ। ਅਸੀਂ ਵਿਅਸਤ ਹਾਂ, ਬਹੁਤ ਸਾਰੇ ਕੰਮ ਕਰਨ ਵਾਲੇ ਰਹਿੰਦੇ ਹਨ।" ਤਦ ਕੌਸ਼ਲ-ਨਰੇਸ਼ ਪਸੇਨਜਿੱਤ ਤਥਾਗਤ ਦੇ ਸ਼ਬਦਾਂ ਤੋਂ ਖੁਸ਼ ਹੋਇਆ. ਆਨੰਦਿਤ ਹੋਇਆ ਉਹ ਆਪਣੀ ਥਾਂ ਤੋਂ ਉਠਿੱਆ ਅਤੇ ਤਥਾਗਤ ਦੀ ਵੰਦਨਾ ਕਰਕੇ ਚਲਾ ਗਿਆ।

ਸਿੱਟਾ- ਜਦੋਂ ਤੋਂ ਪ੍ਰਿਥਵੀ ਦਾ ਵਿਕਾਸ ਹੋਇਆ ਹੈ ਉਦੋਂ ਤੋਂ ਅਨੇਕਾਂ ਮਨੁੱਖ/ਜੀਵ ਪੈਦਾ ਹੋਏ ਅਤੇ ਮਰ ਗਏ ਜਿਨ੍ਹਾ ਦੀ ਗਿਣਤੀ ਕਰਨਾ ਮੁਸ਼ਕਿਲ ਹੈ ਅਤੇ ਸੰਭਾਵਨਾ ਵੀ ਘੱਟ ਹੈ।ਅਕਾਸ਼ ਵਿੱਚ ਘੁੰਮ ਰਹੇ ਤੱਤਾਂ ਦਾ, ਖਾਸ ਕਰਕੇ ਕਿਸੇ ਇੱਕ ਵਿਆਕਤੀ ਦੇ ਚਾਰ ਤੱਤਾਂ ਦਾ ਇਕੱਠ ਹੋਣ ਦਾ ਸੰਭਾਵਨਾ ਵੀ ਨਹੀਂ ਹੈ ਉਹ ਵੀ ਅਣਗਿਣਤ ਤੱਤਾਂ ਦੇ ਸੰਮੂਹ ਚੋਂ। ਲੇਖ ਨੂੰ ਪੜਨ ਤੇ ਵੀ ਕੁੱਝ ਪਾਠਕਾਂ ਦੁਆਰਾ ਇਹ ਸਮਝਣਾ ਕੁੱਝ ਮੁਸ਼ਕਿਲ ਹੈ ਕਿ ਪੁਨਰ-ਜਨਮ ਹੈ ਜਾਂ ਨਹੀਂ ਕਿਉਂਕਿ ਸਭ ਤੋਂ ਔਖਾ ਸਵਾਲ ਹੈ ਪੁਨਰ-ਜਨਮ ਕਿਹਦਾ ?ਲੇਖ ਚੋਂ ਦੁਬਾਰਾ ਇੱਕ ਗੱਲ ਦੁਹਰਾਉਂਦਾ ਹਾਂ ਕਿ ਜਿਹੜਾ ਆਦਮੀ ਮਰਦਾ ਹੈ ਉਹੀ ਮੁੜ ਇੱਕ ਨਵਾਂ ਜਨਮ ਧਾਰਦਾ ਹੈ? ਕੀ ਬੁੱਧ ਨੇ ਇਸ ਸਿਧਾਂਤ ਨੂੰ ਸਵੀਕਾਰ ਕੀਤਾ ? ਜਵਾਬ ਹੈ। ਇਸ ਦੀ ਬਹੁਤ ਹੀ ਘੱਟ ਸੰਭਾਵਨਾ ਹੈ।ਇਸ ਦਾ ਜਵਾਬ ਮੋਏ ਹੋਏ ਵਿਅਕਤੀ ਦੇ ਬਿਖਰੇ ਹੋਏ ਜੀਵਨ ਅਰਥਾਤ ਭੌਤਿਕ-ਤੱਤਾਂ ਦਾ ਮੁੜ੍ਹ ਤੋਂ ਮਿਲਕੇ ਨਵੇਂ ਸਰੀਰ ਦਾ ਨਿਰਮਾਣ ਕਰਨ ਉੱਤੇ ਨਿਰਭਰ ਕਰਦਾ ਹੈ, ਜੇ ਅਜਿਹਾ ਹੈ. ਤਦ ਹੀ ਉਸੇ ਵਿਅਕਤੀ ਦੇ ਪੁਨਰ-ਜਨਮ ਦੀ ਸੰਭਾਵਨਾ ਹੋ ਸਕਦੀ ਹੈ। ਅਰਥਾਤ, ਕਿਹਾ ਜਾ ਸਕਦਾ ਹੈ ਕਿ ਉਸੇ ਆਦਮੀ ਨੇ ਮੁੜ੍ਹ ਜਨਮ ਧਾਰਿਆ ਹੈ। ਅਗਰ ਨਵਾਂ ਸਰੀਰ ਮਰ ਚੁੱਕੇ ਅਨੇਕ ਲੋਕਾਂ ਦੇ ਵੱਖੋ-ਵੱਖਰੇ ਭੌਤਿਕ ਤੱਤਾਂ ਦੇ ਸੁਮੇਲ ਨਾਲ ਬਣਿਆ ਹੈ ਤਾਂ ਇਹ ਪੁਨਰ-ਜਨਮ ਤਾਂ ਹੋਇਆ ਲੇਕਿਨ ਇਹ ਉਸੇ ਚੇਤਨ ਪ੍ਰਾਣੀ ਦਾ ਪੁਨਰ-ਜਨਮ ਨਹੀਂ ਮੰਨਿਆ ਜਾ ਸਕਦਾ ਜੋ ਮਰਿਆ ਹੈ ਪਰ ਸੰਭਾਵਨਾ ਬਹੁਤ ਘੱਟ। **(ਸਮਾਪਤ)**

# ਏਆਈ 101: ਮੁੱਢਲੀ ਜਾਣਕਾਰੀ ਅਤੇ ਵਰਤੋਂ

ਜ਼ਰਾ ਸੋਚੋ ਤੁਸੀਂ ਜਿਸ ਨੂੰ ਸਵਾਲ ਕਰ ਰਹੇ ਹੋ, ਉਸ ਨੂੰ ਸਭ ਕੁਝ ਪਤਾ ਹੈ! ਜਦੋਂ ਤੁਸੀਂ ਕਿਸੇ ਜਨਰੇਟਿਵ (ਰਚਨਾਤਮਕ) ਏਆਈ ਪ੍ਰੋਗਰਾਮ (ਚੈਟ ਜੀਪੀਟੀ, ਗੂਗਲ ਜੈਮਿਨੀ, ਕਲੌਡ, ਗਰੌਕ ਆਦਿ) ਨੂੰ ਕੋਈ ਸਵਾਲ ਪੁੱਛਦੇ ਹੋ ਤਾਂ ਤੁਹਾਨੂੰ ਗੂਗਲ ਵਾਂਗ ਇੰਟਰਨੈਟ ਦੇ ਲਿੰਕ ਨਹੀਂ ਸਗੋਂ ਵਿਸਥਾਰਪੂਰਵਕ ਉੱਤਰ ਲਿਖਿਆ ਮਿਲਦਾ ਹੈ ਅਤੇ ਉਹ ਉੱਤਰ ਕਿਤੇ ਪਹਿਲਾਂ ਤੋਂ ਨਹੀਂ ਲਿਖਿਆ ਹੁੰਦਾ, ਸਗੋਂ ਉਸੇ ਵੇਲੇ ਸਕਿੰਟਾਂ ਦੇ ਅੰਦਰ ਏਆਈ ਨੇ ਤਿਆਰ ਕੀਤਾ ਹੁੰਦਾ ਹੈ। ਤੁਸੀਂ ਉਸੇ ਵਕਤ ਏਆਈ ਨੂੰ ਕਹਿ ਸਕਦੇ ਹੋ ਕਿ ਇਸ ਉੱਤਰ ਨੂੰ ਪੰਜ ਸਾਲ ਦੇ ਬੱਚੇ ਨੂੰ ਜਾਂ ਕਿਸੇ ਕਾਲਜ ਦੇ ਵਿਦਿਆਰਥੀ ਨੂੰ ਸਮਝਾਉਣ ਲਈ ਦੱਸੋ ਤੇ ਫਟਾ-ਫਟ ਤੁਹਾਨੂੰ ਉਸ ਦਾ ਤਸੱਲੀਬਖ਼ਸ਼ ਜਵਾਬ ਮਿਲ ਜਾਵੇਗਾ।

ਚੈਟ ਜੀਪੀਟੀ ਵਰਗੇ ਏਆਈ ਕੰਪਿਊਟਰ ਪ੍ਰੋਗਰਾਮ ਅਤਿ ਸ਼ਕਤੀਸ਼ਾਲੀ ਪ੍ਰੋਗਰਾਮ ਹਨ, ਜਿਨ੍ਹਾਂ ਨੂੰ ਕੰਪਨੀਆਂ ਨੇ ਇਕੱਤਰ ਕੀਤੇ ਗਏ ਡੇਟਾ ਨਾਲ ਸਿਖਲਾਈ ਦਿੱਤੀ ਹੈ। ਜਨਰੇਟਿਵ ਏਆਈ ਪ੍ਰੋਗਰਾਮ ਡੇਟਾ ਤੋਂ ਸਿੱਖੇ ਗਏ ਨਮੂਨਿਆਂ ਦੇ ਆਧਾਰ ’ਤੇ ਨਵੀਂ ਸਮੱਗਰੀ ਜਿਵੇਂ ਕਿ ਪਾਠ (ਠਇਣਟ), ਚਿੱਤਰ, ਸੰਗੀਤ, ਵੀਡੀਓ, ਕੰਪਿਊਟਰ ਕੋਡ ਆਦਿ ਬਣਾ ਸਕਦਾ ਹੈ। ਇਹ ਤਕਰੀਬਨ ਦੁਨੀਆ ਦੀਆਂ ਸਾਰੀਆਂ ਭਾਸ਼ਾਵਾਂ ਜਾਣਦਾ ਹੈ, ਪਰ ਕਈ ਭਾਸ਼ਾਵਾਂ ਵਿੱਚ ਇਹ ਜ਼ਿਆਦਾ ਵਧੀਆ ਉੱਤਰ ਦੇ ਸਕਦਾ ਜਿਵੇਂ ਕਿ ਅੰਗਰੇਜ਼ੀ, ਸਪੈਨਿਸ਼, ਹਿੰਦੀ ਆਦਿ ਤੇ ਕਈਆਂ ਵਿੱਚ ਘੱਟ ਜਿਵੇਂ ਕਿ ਡੱਚ, ਬੰਗਾਲੀ, ਪੰਜਾਬੀ ਆਦਿ।

ਚੈਟ ਜੀਪੀਟੀ (ਛਹਓਟਘਫਠ - ਚੈਟ ਜਨਰੇਟਿਵ ਪ੍ਰੀ-ਟਰੇਂਡ ਟ੍ਰਾਂਸਫਾਰਮਰ) ਵਰਗੇ ਏਆਈ ਪ੍ਰੋਗਰਾਮ ਇੱਕ ਵੱਡੇ ਟ੍ਰਾਂਸਫਾਰਮ-ਆਧਾਰਿਤ ਨਿਊਰਲ (ਤੰਤਵੀ) ਨੈੱਟਵਰਕ ’ਤੇ ਬਣੇ ਹੋਏ ਹਨ ਜੋ ਅਗਲੇ ਟੋਕਨ (ਸ਼ਬਦ ਜਾਂ ਸ਼ਬਦ-ਭਾਗ) ਦੀ ਭਵਿੱਖਬਾਣੀ ਕਰਨ ਦੇ ਕਾਬਲ ਤੇ ਸਿਖਲਾਈ ਪ੍ਰਾਪਤ ਹਨ ਅਤੇ ਜਿਨ੍ਹਾਂ ਨੂੰ ਮਨੁੱਖੀ ਪ੍ਰਤੀਕਰਮ (ਢਇਦਬਓਚਕ) ਦੇ ਕੇ ਵਧੀਆ ਢੰਗ ਨਾਲ ਤਿਆਰ ਕੀਤਾ ਗਿਆ ਹੈ ਤਾਂ ਜੋ ਉਹ ਇਕਸਾਰ ਭਾਸ਼ਾ ਪ੍ਰਤੀਕਿਰਿਆਵਾਂ ਪੈਦਾ ਕਰਕੇ ਅਤੇ ਕੁਦਰਤੀ ਭਾਸ਼ਾ ਦੀ ਵਰਤੋਂ ਕਰਕੇ ਗੱਲਬਾਤ, ਲੇਖ, ਸੰਖੇਪ, ਕੋਡ ਅਤੇ ਰਚਨਾਤਮਕ ਲਿਖਤ ਵਰਗੀ ਸਮੱਗਰੀ ਤਿਆਰ ਕਰ ਸਕਣ।

ਚੈਟ ਜੀਪੀਟੀ ਦਾ ਆਧਾਰ (ਇੰਜਣ) ਇੱਕ ਵੱਡਾ ਭਾਸ਼ਾ ਮਾਡਲ (ਲ਼ਲ਼ੰ) ਹੈ ਜੋ ਕਿ ਇੱਕ ਨਿਊਰਲ ਨੈੱਟਵਰਕ ਦੇ ਉੱਤੇ ਬਣਿਆ ਹੋਇਆ ਹੈ। ਵੱਡੇ ਭਾਸ਼ਾ ਮਾਡਲ ਦਾ ਮਤਲਬ ਕਾਫ਼ੀ ਵਿਸਤ੍ਰਿਤ ਜਾਣਕਾਰੀ/ਡੇਟਾ ਤੇ ਸਿਖਲਾਈ ਪ੍ਰਾਪਤ (ਠਰਓਨਿਨਗ) ਕੰਪਿਊਟਰ ਸਿਸਟਮ ਹੈ ਜੋ ਅਰਬਾਂ ਸ਼ਬਦਾਂ ਅਤੇ ਵਾਕਾਂ ਤੋਂ ਨਮੂਨੇ ਸਿੱਖਦਾ ਹੈ ਤੇ ਇਹ ਭਵਿੱਖਬਾਣੀ ਕਰਦਾ ਹੈ ਕਿ ਇੱਕ ਵਾਕ ਵਿੱਚ ਦਿੱਤੇ ਗਏ ਸੰਦਰਭ ਅਨੁਸਾਰ ਅੱਗੇ ਕਿਹੜਾ ਟੋਕਨ (ਸ਼ਬਦ/ਭਾਗ) ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਇਹ ਇਨ੍ਹਾਂ ਅਨੁਮਾਨਾਂ ਨੂੰ ਜੋੜ ਕੇ ਮਨੁੱਖੀ ਭਾਸ਼ਾ ਵਿੱਚ ਇੱਕ ਵਾਕ ਹੀ ਨਹੀਂ ਸਗੋਂ ਇੱਕ ਪੈਰਾਗ੍ਰਾਫ਼, ਇੱਕ ਕਹਾਣੀ ਜਾਂ ਰਿਪੋਰਟ, ਚਿੱਤਰ, ਆਵਾਜ਼ ਆਦਿ ਤਿਆਰ ਕਰ ਸਕਦਾ ਹੈ। ਇਹ ਇੱਕ ਹੋਰ ਕੰਪਿਊਟਰ ਪ੍ਰੋਗਰਾਮ ਵੀ ਬਹੁਤ ਆਸਾਨੀ ਨਾਲ ਲਿਖ ਸਕਦਾ ਹੈ ਅਤੇ ਇਸ ਕੰਮ ਵਿੱਚ ਇਹ ਹਰ ਰੋਜ਼ ਹੋਰ ਬਿਹਤਰ ਹੋ ਰਿਹਾ ਹੈ।

ਨਿਊਰਲ ਨੈੱਟਵਰਕ ਇੱਕ ਕਿਸਮ ਦਾ ਏਆਈ ਮਾਡਲ ਹੈ ਜੋ ਮਨੁੱਖੀ ਦਿਮਾਗ ਤੋਂ ਪ੍ਰੇਰਿਤ ਹੁੰਦਾ ਹੈ। ਜਿਸ ਵਿੱਚ ਨਕਲੀ ਤੰਤੂਆਂ ਦੀਆਂ ਪਰਤਾਂ, ਗਣਿਤਕ ਵਜ਼ਨ ਜਾਂ ਸੰਖਿਆਵਾਂ ਤੇ ਉਨ੍ਹਾਂ ਪਰਤਾਂ ਵਿਚਕਾਰ ਸਬੰਧ ਸ਼ਾਮਲ ਹਨ। ਇਹ ਉਨ੍ਹਾਂ ਸੰਖਿਆਵਾਂ ਦਾ ਫੇਰ-ਬਦਲ ਕਰਕੇ ਸਿੱਖਦਾ ਹੈ ਤਾਂ ਜੋ ਇਹ ਕਿਸੇ ਕੰਮ ਵਿੱਚ ਬਿਹਤਰ ਹੋ ਸਕੇ- ਇੱਕ ਉੱਨਤ ਕੰਪਿਊਟਰ ਪ੍ਰੋਗਰਾਮ ਜੋ ਮਨੁੱਖੀ ਦਿਮਾਗ ਵਾਂਗ ਹੀ ਨਮੂਨਿਆਂ (ਪੈਟਰਨਾਂ) ਨੂੰ ਪਛਾਣਨ ਲਈ ਤਿਆਰ ਕੀਤਾ ਗਿਆ ਹੈ। ਇਸ ਨਿਊਰਲ ਨੈੱਟਵਰਕ ਵਿੱਚ ਸੈਂਕੜੇ ਅਰਬਾਂ ਮਾਪਦੰਡ (ਪੈਰਾਮੀਟਰ) ਹੁੰਦੇ ਹਨ, ਜੋ ਮਾਡਲ ਦੁਆਰਾ ਸਿੱਖੀਆਂ ਗਈਆਂ ਗੱਲਾਂ ਨੂੰ ਸਟੋਰ ਕਰਦੇ ਹਨ, ਉਵੇਂ ਹੀ ਜਿਵੇਂ ਮਨੁੱਖੀ ਦਿਮਾਗ ਯਾਦਦਾਸ਼ਤ ਦੇ ਰੂਪ ਵਿੱਚ ਕਰਦਾ ਹੈ। ਆਧੁਨਿਕ ਏਆਈ ਮਾਡਲ ਇੱਕ ਖ਼ਾਸ ਕਿਸਮ ਦੇ ਨਿਊਰਲ ਨੈੱਟਵਰਕ ਦੀ ਵਰਤੋਂ ਕਰਦੇ ਹਨ ਜਿਨ੍ਹਾਂ ਨੂੰ ਟ੍ਰਾਂਸਫਾਰਮਰ (ਪਰਿਵਰਤਕ) ਕਹਿੰਦੇ ਹਨ, ਜੋ ਕਿ 2017 ਵਿੱਚ ਗੂਗਲ ਬ੍ਰੇਨ ਦੇ ਖੋਜਕਰਤਾਵਾਂ ਨੇ ਪੇਸ਼ ਕੀਤਾ ਸੀ। ਟ੍ਰਾਂਸਫਾਰਮਰ ਕਿਸੇ ਵੀ ਸੰਦਰਭ ਨੂੰ ਸਮਝਣ, ਲੰਬੇ ਵਾਕਾਂ ਨੂੰ ਲਿਖਣ, ਪੈਰਾਗ੍ਰਾਫਾਂ ਵਿੱਚ ਵਿਚਾਰਾਂ ਨੂੰ ਜੋੜਨ ਦੇ ਬਹੁਤ ਚੰਗੀ ਤਰ੍ਹਾਂ ਮਾਹਰ ਹੁੰਦੇ ਹਨ। ਉਹ ਹੁਸ਼ਿਆਰੀ ਨਾਲ ਧਿਆਨ (ਅਟਟਇਨਟਿੋਨ) ਦੀ ਵਰਤੋਂ ਕਰਦੇ ਹਨ, ਜੋ ਮਾਡਲ ਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਕਰਦੀ ਹੈ ਕਿ ਅਗਲੇ ਸ਼ਬਦ ਦੀ ਭਵਿੱਖਬਾਣੀ ਕਰਦੇ ਸਮੇਂ ਪਹਿਲਾਂ ਆਏ ਕਿਹੜੇ ਸ਼ਬਦ ਸਭ ਤੋਂ ਵੱਧ ਮਾਅਨੇ ਰੱਖਦੇ ਹਨ।

ਉਦਾਹਰਣ ਵਜੋਂ: “ਟਰਾਫੀ ਸੂਟਕੇਸ ਵਿੱਚ ਫਿੱਟ ਨਹੀਂ ਹੋਈ ਕਿਉਂਕਿ ਉਹ ਬਹੁਤ ਵੱਡੀ ਸੀ।”

ਮਾਡਲ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ‘ਉਹ’ ਟਰਾਫੀ ਨੂੰ ਦਰਸਾਉਂਦਾ ਹੈ ਨਾ ਕਿ ਸੂਟਕੇਸ ਨੂੰ। ‘ਧਿਆਨ ਵਿਧੀ’ ਇਸ ਕੰਮ ਵਿੱਚ ਮਦਦ ਕਰਦੀ ਹੈ।

ਇਸ ਤਰ੍ਹਾਂ ਚੈਟ ਜੀਪੀਟੀ ਨੂੰ ਓਪਨ ਏਆਈ ਕੰਪਨੀ ਦੇ ਵਿਗਿਆਨਕਾਂ, ਖੋਜੀਆਂ, ਮਨੁੱਖੀ ਰਿਵਿਊਕਾਰਾਂ ਨੇ ਦੁਨੀਆ ਦੀਆਂ ਬਹੁਤ ਸਾਰੀਆਂ ਮਹੱਤਵਪੂਰਨ ਕਿਤਾਬਾਂ, ਲੇਖ, ਵੈੱਬਸਾਈਟਾਂ, ਗੱਲਾਂ-ਬਾਤਾਂ, ਪਬਲਿਕ ਤੇ ਪ੍ਰਮਾਣਿਤ ਡੇਟੇ ਦੇ ਨਾਲ ਸਿਖਾਇਆ ਹੈ, ਪਰ ਧਿਆਨਯੋਗ ਗੱਲ ਹੈ ਕਿ ਸਿਖਲਾਈ ਦੇ ਦੌਰਾਨ ਉਸ ਨੂੰ ਇਹ ਨਹੀਂ ਦੱਸਿਆ ਕਿ ਚੰਡੀਗੜ੍ਹ ਪੰਜਾਬ ਦੀ ਰਾਜਧਾਨੀ ਹੈ, ਸਗੋਂ ਉਹ ਇਹ ਗੱਲ ਆਪਣੇ ਡੇਟਾ ਦੇ ਨਮੂਨੇ ਤੋਂ ਇਸ ਤਰ੍ਹਾਂ ਸਿੱਖਦਾ ਹੈ ਕਿ ਜਦੋਂ ਲੋਕ ਇਹ ਪੁੱਛਣ ਕਿ ਪੰਜਾਬ ਦੀ ਰਾਜਧਾਨੀ ਕਿਹੜੀ ਹੈ ਤਾਂ ਅਗਲਾ ਅਨੁਮਾਨ ਚੰਡੀਗੜ੍ਹ ਹੈ।

ਚੈਟ ਜੀਪੀਟੀ ਭਾਸ਼ਾ ਦੇ ਨਮੂਨੇ ਸਿੱਖਦਾ ਹੈ ਨਾ ਕਿ ਮਨੁੱਖਾਂ ਵਾਂਗ ਯਾਦ ਕਰਦਾ ਹੈ। ਉਹ ਅਨੁਮਾਨ ਲਗਾਉਂਦਾ ਹੈ ਕਿ ਅਗਲਾ ਸ਼ਬਦ ਕਿਹੜਾ ਹੋ ਸਕਦਾ ਹੈ ਤੇ ਇਹ ਅਨੁਮਾਨ ਉਹ ਬਹੁਤ ਤੇਜ਼ੀ ਨਾਲ (ਇੱਕ ਸਕਿੰਟ ਵਿਚ ਲੱਖਾਂ-ਕਰੋੜਾਂ ਅਨੁਮਾਨ) ਲਗਾਉਂਦਾ ਹੈ। ਇਹ ਕਿਸੇ ਜਾਦੂ ਵਾਂਗ ਮਹਿਸੂਸ ਹੁੰਦਾ ਹੈ, ਪਰ ਇਹ ਸਿਰਫ਼ ਗਣਿਤ ਅਤੇ ਸੰਭਾਵਨਾਵਾਂ ਦਾ ਸੁਮੇਲ ਹੈ। ਆਓ ਇਸ ਦੇ ਅਨੁਮਾਨ ਲਗਾਉਣ ਦੇ ਤਰੀਕੇ ਨੂੰ ਇੱਕ ਹੋਰ ਉਦਾਹਰਣ ਨਾਲ ਸਮਝੀਏ:

“ਮੈਂ ਚਾਹ ਦੁੱਧ ਤੇ....ਪਾ ਕੇ ਪੀਤੀ।”

ਤੁਹਾਡੇ ਖ਼ਿਆਲ ਵਿੱਚ ਖਾਲੀ ਥਾਂ ਨੂੰ ਭਰਨ ਲਈ ਕਿਹੜਾ ਸ਼ਬਦ ਵਰਤਿਆ ਜਾਵੇਗਾ?

ਜ਼ਿਆਦਾਤਰ ਲੋਕ ‘ਖੰਡ’ ਕਹਿਣਗੇ, ਕਿਉਂਕਿ ਰੋਜ਼ਾਨਾ ਭਾਸ਼ਾ ਵਿੱਚ ਚਾਹ ਬਾਰੇ ਗੱਲ ਕਰਦੇ ਸਮੇਂ ‘ਦੁੱਧ ਅਤੇ ਖੰਡ’ ਇੱਕ ਬਹੁਤ ਹੀ ਆਮ ਵਾਕੰਸ਼ ਹੈ।




ਆਓ, ਹੁਣ ਇਹ ਜਾਣੀਏ ਕਿ ਏਆਈ ਦੇ ਪਰਦੇ ਪਿੱਛੇ ਕੀ ਹੁੰਦਾ ਹੈ-ਏਆਈ ਮਾਡਲ ਅੰਦਰੂਨੀ ਤੌਰ ’ਤੇ ਇਸ ਤਰ੍ਹਾਂ ਦੀਆਂ ਸੰਭਾਵਨਾਵਾਂ ਨਿਰਧਾਰਤ ਕਰ ਸਕਦਾ ਹੈ:

ਸੰਭਾਵੀ ਸ਼ਬਦ, ਸੰਭਾਵਨਾ
ਖੰਡ, 65%
ਸ਼ਹਿਦ, 15%
ਨਿੰਬੂ, 10%
ਲੂਣ, 0.1%
ਜੁੱਤੇ, 0.00001%

ਫਿਰ ਉਹ ਸਭ ਤੋਂ ਉੱਚ-ਸੰਭਾਵਨਾ ਵਾਲੇ ਸ਼ਬਦਾਂ ਵਿੱਚੋਂ ਇੱਕ ਚੁਣਦਾ ਹੈ ਜੋ ਸੰਦਰਭ ਵਿੱਚ ਫਿੱਟ ਬੈਠਦਾ ਹੈ। ਸੰਦਰਭ ਦੇ ਆਧਾਰ ’ਤੇ ਸੰਭਾਵਨਾਵਾਂ ਨੂੰ ਕ੍ਰਮਵਾਰ ਕਰਨ ਦੀ ਇਹ ਯੋਗਤਾ ਵੱਡੇ ਭਾਸ਼ਾ ਮਾਡਲ ਨੂੰ ਬੁੱਧੀਮਾਨ ਬਣਾਉਂਦੀ ਹੈ। ਸ਼ੁਰੂਆਤੀ ਸਿਖਲਾਈ ਤੋਂ ਬਾਅਦ ਮਨੁੱਖਾਂ ਨੇ ਇਸ ਨੂੰ ਬਿਹਤਰ ਬਣਾਉਣ ਵਿੱਚ ਮਦਦ ਕੀਤੀ ਜਿਵੇਂ ਕਿ ਜਵਾਬਾਂ ਨੂੰ ਦਰਜਾ ਦੇਣਾ, ਮਾੜੇ ਜਵਾਬਾਂ ਨੂੰ ਠੀਕ ਕਰਨਾ, ਨੁਕ-ਸਾਨਦੇਹ ਸਮੱਗਰੀ ਤੋਂ ਬਚਣ ਲਈ ਇਸ ਨੂੰ ਸਿਖਾਉਣਾ, ਇਸ ਨੂੰ ਸਪੱਸ਼ਟ ਅਤੇ ਵਧੇਰੇ ਉਪਯੋਗੀ ਬਣਾਉਣ ਲਈ ਸਿਖਲਾਈ ਦੇਣਾ ਤਾਂ ਜੋ ਉਹ ਮਸ਼ੀਨ ਜਾਂ ਰੋਬੋਟ ਵਾਂਗ ਦਿਖਣ ਦੀ ਬਜਾਏ ਗੱਲਬਾਤ ਕਰਨ ਵਾਲਾ ਬਣ ਸਕੇ।

ਇਹ ਧਿਆਨਯੋਗ ਗੱਲ ਹੈ ਕਿ ਏਆਈ ਪ੍ਰੋਗਰਾਮ ਸੁਤੰਤਰ ਤੌਰ ’ਤੇ ਨਹੀਂ ਸੋਚ ਸਕਦਾ ਹਾਲਾਂਕਿ ਸਾਨੂੰ ਅਜਿਹਾ ਲੱਗਦਾ ਹੈ, ਇਸ ਦੀ ਆਪਣੀ ਕੋਈ ਰਾਇ ਨਹੀਂ, ਇਸ ਕੋਲ ਭਾਵਨਾਵਾਂ ਵੀ ਨਹੀਂ, ਇਸ ਦੇ ਆਧਾਰ ਮਾਡਲ ਦਾ ਡੇਟਾ ਪੁਰਾਣਾ ਹੋ ਸਕਦਾ ਹੈ ਤੇ ਅੱਜ ਦਾ ਨਹੀਂ (ਜੇ ਇਹ ਕਿਸੇ ਚਲੰਤ ਪ੍ਰੋਗਰਾਮ ਨਾਲ ਨਾ ਜੁੜਿਆ ਹੋਵੇ)। ਇਹ ਨਿੱਜੀ ਵੇਰਵਿਆਂ ਨੂੰ ਯਾਦ ਨਹੀਂ ਰੱਖਦਾ ਜਦੋਂ ਤੱਕ ਇਸ ਨੂੰ ਆਦੇਸ਼ ਨਾ ਦਿੱਤਾ ਜਾਵੇ।

ਮੁੱਕਦੀ ਗੱਲ ਇਹ ਹੈ ਕਿ ਇਹ ਇੱਕ ਨਮੂਨੇ ਜਾਂ ਪੈਟਰਨ ਪਛਾਣਨ ਵਾਲੀ ਮਸ਼ੀਨ ਹੈ, ਦਿਮਾਗ ਨਹੀਂ। ਜਿਵੇਂ ਕਿ ਕਾਰ ਤੁਹਾਨੂੰ ਪੈਦਲ ਚੱਲਣ ਦੀ ਬਜਾਇ ਤੇਜ਼ੀ ਨਾਲ ਮੰਜ਼ਿਲ ’ਤੇ ਪਹੁੰਚਾ ਦਿੰਦੀ ਹੈ, ਇਸੇ ਤਰ੍ਹਾਂ ਇਹ ਵੀ ਤੇਜ਼ੀ ਨਾਲ ਤੁਹਾਨੂੰ ਜਵਾਬ ਦੇ ਸਕਦਾ ਹੈ ਤੇ ਕਿਸੇ ਚੀਜ਼ ਨੂੰ ਸਮਝਣ ਵਿੱਚ ਮਦਦ ਕਰ ਸਕਦਾ ਹੈ। ਪਰ ਜਿਵੇਂ ਕਾਰ ਚਲਾਉਣ ਲਈ ਟਰੈਫਿਕ ਨਿਯਮਾਂ ਦੀ ਲੋੜ ਹੈ, ਇਸ ਤੇਜ਼ੀ ਨਾਲ ਵਿਕਸਤ ਹੋ ਰਹੀ ਤਕਨੀਕ ਦੀ ਵਰਤੋਂ ਲਈ ਵੀ ਨਿਯਮ ਬਣਾਏ ਜਾ ਰਹੇ ਹਨ ਜਾਂ ਬਣਾਉਣ ਦੀ ਲੋੜ ਹੈ। ਇਸ ਦੇ ਨਾਲ ਹੀ ਇਹ ਵੀ ਮਹੱਤਵਪੂਰਨ ਹੈ ਕਿ ਜਿਵੇਂ ਤੁਸੀਂ ਕਾਰ ਦੇ ਡਰਾਈਵਰ ਤੇ ਇੰਚਾਰਜ ਬਣਦੇ ਹੋ, ਇਸੇ ਤਰ੍ਹਾਂ ਏਆਈ ਦੀ ਵਰਤੋਂ ਕਰਨ ਦੇ ਡਰਾਈਵਰ ਵੀ ਤੁਸੀਂ ਖ਼ੁਦ ਹੀ ਹੋ ਤੇ ਹਮੇਸ਼ਾਂ ਰਹਿਣਾ ਵੀ ਚਾਹੀਦਾ ਹੈ।

ਕਈ ਵਾਰ ਏਆਈ ਪ੍ਰੋਗਰਾਮ ਕੁਝ ਅਜਿਹਾ ਉੱਤਰ ਦਿੰਦਾ ਹੈ ਜੋ ਸਹੀ ਲੱਗਦਾ ਹੈ, ਪਰ ਸਹੀ ਨਹੀਂ ਹੁੰਦਾ, ਜਿਸ ਨੂੰ ਏਆਈ ਭਰਮ (Halluicnaitons) ਕਿਹਾ ਜਾਂਦਾ ਹੈ। ਇਹ ਜਾਣਬੁੱਝ ਕੇ ਝੂਠ ਨਹੀਂ ਬੋਲ ਰਿਹਾ ਹੁੰਦਾ, ਇਹ ਸਿਰਫ਼ ਅਗਲੇ ਸ਼ਬਦ ਦਾ ਅਨੁਮਾਨ ਲਗਾਉਂਦਾ ਹੈ ਅਤੇ ਕਈ ਵਾਰ ਇਹ ਗ਼ਲਤ ਅਨੁਮਾਨ ਲਗਾ ਦਿੰਦਾ ਹੈ। ਇਸ ਲਈ ਸਾਨੂੰ ਕਿਸੇ ਹੈਰਾਨੀਜਨਕ ਜਾਂ ਅਣਜਾਣ ਲੱਗਣ ਵਾਲੇ ਉੱਤਰ ਦੀ ਦੋ ਵਾਰ ਜਾਂਚ ਕਰਨੀ ਚਾਹੀਦੀ ਹੈ। ਚੈਟਜੀਪੀਟੀ ਵਰਗੇ ਮਾਡਲ ਨੂੰ ਸਿਖਲਾਈ ਦੇਣ ਲਈ ਬਹੁਤ ਸਾਰਾ ਡੇਟਾ ਅਤੇ ਸ਼ਕਤੀਸ਼ਾਲੀ ਕੰਪਿਊਟਰ ਵਰਤੇ ਜਾਂਦੇ ਹਨ ਜੋ ਕਿ ਲੱਖਾਂ-ਕਰੋੜਾਂ ਕਿਲੋਵਾਟ ਬਿਜਲੀ ਦੀ ਖਪਤ ਕਰਦੇ ਹਨ। ਸੋਚਣ ਵਾਲੀ ਗੱਲ ਹੈ ਕਿ ਇਹ ਬਿਜਲੀ ਕਿੱਥੋਂ ਆਉਂਦੀ ਹੈ। ਕਈ ਕੰਪਨੀਆਂ ਤਾਂ ਆਪਣੀ ਬਿਜਲਈ ਊਰਜਾ ਪੈਦਾ ਕਰਨ ਲੱਗ ਪਈਆਂ ਹਨ।

ਆਪਣੇ ਰੋਜ਼ਾਨਾ ਦੇ ਜੀਵਨ ਨੂੰ ਹੋਰ ਉਪਯੋਗੀ ਬਣਾਉਣ ਲਈ ਅਸੀਂ ਚੈਟ ਜੀਪੀਟੀ ਵਰਗੇ ਬਣਾਉਟੀ ਬੁੱਧੀ ਪ੍ਰੋਗਰਾਮਾਂ ਦੀ ਵਰਤੋਂ ਇਨ੍ਹਾਂ ਤਰੀਕਿਆਂ ਨਾਲ ਕਰ ਸਕਦੇ ਹਾਂ:

1. ਸਿੱਖਣਾ ਅਤੇ ਸਿੱਖਿਆ: ਔਖੇ ਵਿਸ਼ਿਆਂ ਨੂੰ ਸਰਲ ਸ਼ਬਦਾਂ ਵਿੱਚ ਸਮਝਾਉਣਾ, ਈ-ਮੇਲ ’ਤੇ ਲੰਬੇ ਲੇਖਾਂ ਦਾ ਸਾਰ ਦੇਣਾ, ਭਾਸ਼ਾਵਾਂ ਦਾ ਅਭਿਆਸ ਕਰਨਾ, ਪ੍ਰਸ਼ਨੋਤਰੀ ਤਿਆਰ ਕਰਨਾ ਆਦਿ। ਜਿਵੇਂ ਕਿ ‘ਪ੍ਰਕਾਸ਼ ਸੰਸ਼ਲੇਸ਼ਣ ਨੂੰ ਇੱਕ 10 ਸਾਲ ਦੇ ਬੱਚੇ ਨੂੰ ਕਿਵੇਂ ਸਮਝਾਇਆ ਜਾਵੇ?’
2. ਲਿਖਣਾ ਅਤੇ ਸੰਚਾਰ: ਕੋਈ ਰਿਪੋਰਟ, ਲੇਖ ਜਾਂ ਈਮੇਲ ਨੂੰ ਪੇਸ਼ੇਵਰ ਢੰਗ ਨਾਲ ਲਿਖਣ ਲਈ, ਵਿਆਕਰਨ ਵਿੱਚ ਸੁਧਾਰ ਕਰਨ ਲਈ। ਉਦਾਹਰਣ ਦੇ ਤੌਰ ’ਤੇ ‘ਇਸ ਈਮੇਲ ਨੂੰ ਹੋਰ ਨਿਮਰ ਬਣਾਓ।’
3. ਕੰਮ ਅਤੇ ਰਚਨਾਤਮਕਤਾ: ਆਪਣੇ ਕੰਮ ਵਿੱਚ ਤੁਸੀਂ ਵਿਚਾਰਾਂ ’ਤੇ ਵਿਚਾਰ-ਵਟਾਂਦਰਾ ਕਰਨਾ, ਕਿਸੇ ਚੀਜ਼ ਦੀ ਰੂਪਰੇਖਾ, ਡਰਾਫਟ ਰਿਪੋਰਟ, ਚਿੱਤਰ, ਮੀਟਿੰਗ ਦੇ ਨੋਟ ਜਾਂ ਸਾਰ ਤਿਆਰ ਕਰਨ ਲਈ, ਕੰਪਿਊਟਰ ਪ੍ਰੋਗਰਾਮ/ਕੋਡ ਲਿਖਣ ਲਈ, ਪਾਵਰ ਪੁਆਇੰਟ ਪ੍ਰਸਤੂਤੀਆਂ (Presentaitons) ਬਣਾਉਣ ਲਈ ਆਦਿ ਵਰਤ ਸਕਦੇ ਹੋ। ਜਿਵੇਂ ਕਿ ‘ਤਿਮਾਹੀ ਵਿੱਕਰੀ ’ਤੇ ਇੱਕ ਪੰਨੇ ਦੀ ਸੰਖੇਪ ਰਿਪੋਰਟ ਬਣਾਓ। ਮੁਨਾਫ਼ਾ, ਰੁਝਾਨ ਅਤੇ ਸੁਧਾਰ ਲਈ ਸਲਾਹ ਵੀ ਦਿਓ।’
4. ਰਚਨਾਤਮਕਤਾ: ਲੇਖਕ ਤੇ ਕਲਾਕਾਰ ਇਸ ਨੂੰ ਕੋਈ ਕਹਾਣੀ ਕਵਿਤਾ ਜਾਂ ਗੀਤ ਦੇ ਬੋਲ ਲਿਖਣ, ਪਾਤਰ ਤੇ ਚਰਿੱਤਰ ਵਿਕਾਸ, ਮਾਰਕੀਟਿੰਗ ਕਰਨ ਆਦਿ ਲਈ ਵਰਤ ਸਕਦੇ ਹਨ। ਇਹ ਇੱਕ ਰਚਨਾਤਮਕ ਸਾਥੀ ਵਾਂਗ ਹੈ ਜੋ ਤੁਹਾਨੂੰ ਪ੍ਰੇਰਣਾ ਦੇ ਸਕਦਾ ਹੈ ਤੇ ਲੇਖਕ ਦੀਆਂ ਸੋਚਾਂ ਦੀ ਰੁਕਾਵਟ (ਂਰਿਟਇਰ’ਸ ਭਲੋਚਕ) ਤੋੜਨ ਵਿੱਚ ਮਦਦ ਕਰ ਸਕਦਾ ਹੈ। ਉਦਾਹਰਣ ਦੇ ਤੌਰ ’ਤੇ ‘ਨੌਜਵਾਨ ਪੇਸ਼ੇਵਰਾਂ ਨੂੰ ਮੁੱਖ ਰੱਖਦੇ ਹੋਏ, ਇੱਕ ਵਧੀਆ ਕੌਫ਼ੀ ਬ੍ਰਾਂਡ ਦੀ ਮਸ਼ਹੂਰੀ ਵਾਸਤੇ 5 ਮਨਮੋਹਣੇ ਗੀਤ ਲਿਖੋ।’
5. ਸਮੱਸਿਆ ਹੱਲ ਕਰਨਾ: ਤੁਸੀਂ ਇਸ ਨੂੰ ਵਿਕਲਪਾਂ ਦੀ ਤੁਲਨਾ, ਫਾਇਦੇ ਅਤੇ ਨੁਕਸਾਨ ਦਾ ਵਿਸ਼ਲੇਸ਼ਣ ਕਰਨ ਲਈ, ਯੋਜਨਾਵਾਂ ਸੁਝਾਉਣ ਲਈ ਕਹਿ ਸਕਦੇ ਹੋ। ਜਿਵੇਂ ਕਿ ‘ਮੈਨੂੰ 3 ਮਹੀਨੇ ਦੀ ਕਸਰਤ ਕਰਨ ਦੀ ਯੋਜਨਾ ਬਣਾਉਣ ਵਿੱਚ ਮਦਦ ਕਰੋ।’

**(ਚਲਦਾ)**

**ਅਮਨਦੀਪ ਸਿੰਘ**
**ਸੰਪਰਕ:**
**+1-508-243-8846**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition


# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ — facebook samajweekly

ਸਾਨੂੰ ਐਕਸ ਤੇ ਫੌਲੋ ਕਰੋ — X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**